# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 10.11.2016 ਨੂੰ ਬਾਅਦ ਦੁਪਹਿਰ 3.00 ਵਜੇ

ਅੱਜ ਮਿਤੀ 10.11.2016 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰ ਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਹਰਜਿੰਦਰ ਸਿੰਘ | 11 | ਕੌਂਸਲਰ |
| 9 | ਪੰਕਜ ਅਰੋੜਾ | 12 | ਕੌਂਸਲਰ |
| 10 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 11 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 12 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਰਾਮ ਦਾਸ | 30 | ਕੌਂਸਲਰ |
| 23 | ਪ੍ਰੀਤਮ ਕੌਰ | 31 | ਕੌਂਸਲਰ |
| 24 | ਸ਼ਾਮ ਲਾਲ ਜੈਨ | 32 | ਕੌਂਸਲਰ |
| 25 | ਕਰਮਜੀਤ ਕੌਰ | 34 | ਕੌਂਸਲਰ |
| 26 | ਸੰਜੇ | 35 | ਕੌਂਸਲਰ |
| 27 | ਹਰਜਿੰਦਰ ਸਿੰਘ | 37 | ਕੌਂਸਲਰ |
| 28 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 29 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 30 | ਸ਼ਿੰਦਰ ਕੌਰ | 40 | ਕੌਂਸਲਰ |
| 31 | ਅੰਜਨਾ ਰਾਣੀ | 41 | ਕੌਂਸਲਰ |
| 32 | ਪ੍ਰਦੀਪ ਗੋਇਲ | 42 | ਕੌਂਸਲਰ |
| 33 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 34 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 35 | ਹਰਵਿੰਦਰ ਕੁਮਾਰ | 46 | ਕੌਂਸਲਰ |
| 36 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 37 | ਗੁਰਮੀਤ ਕੌਰ | 49 | ਕੌਂਸਲਰ |
| 38 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਪਿਛਲੇ ਦਿਨੀ ਨਗਰ ਨਿਗਮ ਬਠਿੰਡਾ ਵਿਖੇ ਤੈਨਾਤ ਐਮ.ਟੀ.ਪੀ. ਸ਼੍ਰੀ ਨਿਰਮਲਪ੍ਰੀਤ ਸਿੰਘ ਦਾ ਸਵਰਗਵਾਸ ਹੋ ਗਿਆ ਹੈ। ਇਸ ਵਿਛੜੀ ਰੂਹ ਨੂੰ ਸ਼ਰਧਾਂਜਲੀ ਦੇਣ ਲਈ ਉਹਨਾਂ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 33:** **ਹਾਊਸ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਤੈਨਾਤ ਐਮ.ਟੀ.ਪੀ. ਸ਼੍ਰੀ ਨਿਰਮਲਪ੍ਰੀਤ ਸਿੰਘ ਦੇ ਸਵਰਗਵਾਸ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 10.11.2016 ਨੂੰ ਬਾਅਦ ਦੁਪਹਿਰ 3.15 ਵਜੇ

ਅੱਜ ਮਿਤੀ 10.11.2016 ਨੂੰ ਬਾਅਦ ਦੁਪਹਿਰ 3.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰ ਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਹਰਜਿੰਦਰ ਸਿੰਘ | 11 | ਕੌਂਸਲਰ |
| 9 | ਪੰਕਜ ਅਰੋੜਾ | 12 | ਕੌਂਸਲਰ |
| 10 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 11 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 12 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਰਾਮ ਦਾਸ | 30 | ਕੌਂਸਲਰ |
| 23 | ਪ੍ਰੀਤਮ ਕੌਰ | 31 | ਕੌਂਸਲਰ |
| 24 | ਸ਼ਾਮ ਲਾਲ ਜੈਨ | 32 | ਕੌਂਸਲਰ |
| 25 | ਕਰਮਜੀਤ ਕੌਰ | 34 | ਕੌਂਸਲਰ |
| 26 | ਸੰਜੇ | 35 | ਕੌਂਸਲਰ |
| 27 | ਹਰਜਿੰਦਰ ਸਿੰਘ | 37 | ਕੌਂਸਲਰ |
| 28 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 29 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 30 | ਸ਼ਿੰਦਰ ਕੌਰ | 40 | ਕੌਂਸਲਰ |
| 31 | ਅੰਜਨਾ ਰਾਣੀ | 41 | ਕੌਂਸਲਰ |
| 32 | ਪ੍ਰਦੀਪ ਗੋਇਲ | 42 | ਕੌਂਸਲਰ |
| 33 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 34 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 35 | ਹਰਵਿੰਦਰ ਕੁਮਾਰ | 46 | ਕੌਂਸਲਰ |
| 36 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 37 | ਗੁਰਮੀਤ ਕੌਰ | 49 | ਕੌਂਸਲਰ |
| 38 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਜਗਰੂਪ ਸਿੰਘ ਗਿੱਲ ਅਤੇ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਨਗਰ ਕੌਂਸਲਰਜ਼ ਨੇ ਕਿਹਾ ਕਿ ਬਠਿੰਡਾ ਵਿਖੇ ਮੁਲਤਾਨੀਆ ਰੋਡ ਤੇ ਬਣਿਆ ਪੁੱਲ ਬਹੁਤ ਹੀ ਖਸਤਾ ਹਾਲ ਹੋ ਚੁੱਕਾ ਹੈ। ਉਹਨਾਂ ਇਸ ਪੁਲ ਦੀ ਟੈਕਨੀਕਲ ਫਿਜ਼ੀਬਿਲਟੀ ਚੈਕ ਕਰਵਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਜੇਕਰ ਇਸ ਪੁਲ ਦੀ ਮੁਰਮੰਤ ਹੋ ਸਕਦੀ ਹੈ ਤਾਂ ਉਹ ਕਰਵਾਈ ਜਾਵੇ ਨਹੀਂ ਤਾਂ ਪੀ.ਡਬਲਿਊ.ਡੀ./ ਪੁੱਡਾ/ ਸਬੰਧਤ ਮਹਿਕਮੇ ਜਾਂ ਸਰਕਾਰ ਨੂੰ ਇਸ ਪੁਲ ਨੂੰ ਨਵਾਂ ਬਨਾਉਣ ਲਈ ਲਿਖਿਆ ਜਾਵੇ।

ਇਸਤੇ ਮੇਅਰ ਸਾਹਿਬ ਨੇ ਧਿਆਨ ਵਿੱਚ ਲਿਆਂਦਾ ਕਿ ਉਹਨਾਂ ਵੱਲੋਂ ਪਹਿਲਾਂ ਹੀ ਇਸ ਸਬੰਧੀ ਪੀ.ਡਬਲਿਊ.ਡੀ. ਬੀ.ਐਂਡ ਆਰ ਮਹਿਕਮੇ ਨੂੰ ਪੱਤਰ ਨੰਬਰ 230 ਮਿਤੀ 01.04.2016 ਅਤੇ ਪੱਤਰ ਨੰਬਰ 246 ਮਿਤੀ 15.06.2016 ਰਾਹੀਂ ਲਿਖਿਆ ਜਾ ਚੁੱਕਿਆ ਹੈ। ਉਹਨਾਂ ਫਿਰ ਵੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸਤੇ ਜਲਦ ਤੋਂ ਜਲਦ ਨਗਰ ਨਿਗਮ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਦੀ ਹਦਾਇਤ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 21.09.2016 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 43:** **ਮੀਟਿੰਗ ਮਿਤੀ 21.09.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰ: 2**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਅਫੀਮ ਵਾਲੀ ਗਲੀ ਫਰਾਮ ਮਾਲ ਗੋਦਾਮ ਚੌਂਕ ਟੂ ਐਂਡ | 12.35 |
| 2 | | ਰੈਨੋਵੇਸ਼ਨ ਆਫ ਟਾਇਲਟ ਬਲਾਕ ਐਟ ਕਮਲਾ ਨਹਿਰੂ ਮਾਰਕੀਟ | 5.56 |
| 3 | | ਕੰਸ: ਆਫ ਟਾਇਲਟ ਬਲਾਕ ਨੀਅਰ ਵੀਰ ਭਵਨ | 8.88 |
| 4 | | ਕੰਸ: ਆਫ ਟਾਇਲਟ ਬਲਾਕ - ਮਧੂਬਨ ਸਟਰੀਟ | 6.54 |
| 5 | | ਕੰਸ: ਆਫ ਟਾਇਲਟ ਬਲਾਕ - ਪਟਾ ਮਾਰਕੀਟ | 4.22 |
| 6 | | ਕੰਸ: ਆਫ ਟਾਇਲਟ ਬਲਾਕ - ਫਿਸ਼ ਮਾਰਕੀਟ | 10.62 |
| 7 | | ਕੰਸ: ਆਫ ਟਾਇਲਟ ਬਲਾਕ - ਫਾਇਰ ਬ੍ਰਿਗੇਡ | 7.48 |
| 8 | | ਕੰਸ: ਆਫ ਟਾਇਲਟ ਬਲਾਕ - ਅਗਰਵਾਲ ਸਟਰੀਟ | 5.16 |
| 9 | | ਕੰਸ: ਆਫ ਟਾਇਲਟ ਬਲਾਕ - ਸੁਭਾਸ਼ ਮਾਰਕੀਟ | 8.07 |
| 10 | | ਕੰਸ: ਆਫ ਟਾਇਲਟ ਬਲਾਕ - ਗਾਂਧੀ ਮਾਰਕੀਟ | 5.49 |
| 11 | | ਕੰਸ: ਆਫ ਟਾਇਲਟ ਬਲਾਕ - ਧੋਬੀ ਘਾਟ | 5.20 |
| 12 | | ਕੰਸ: ਆਫ ਟਾਇਲਟ ਬਲਾਕ - ਮਾਡਲ ਟਾਊਨ ਟਾਇਲਟ ਨੰਬਰ 11 | 6.45 |
| 13 | | ਕੰਸ: ਆਫ ਟਾਇਲਟ ਬਲਾਕ - ਮਾਡਲ ਟਾਊਨ ਟਾਇਲਟ ਨੰਬਰ 10 | 7.65 |
| 14 | | ਕੰਸ: ਆਫ ਟਾਇਲਟ ਬਲਾਕ - ਗਲੀ ਨੰਬਰ 1, ਅਜੀਤ ਰੋਡ | 7.65 |
| 15 | | ਕੰਸ: ਆਫ ਟਾਇਲਟ ਬਲਾਕ - ਪਾਵਰ ਹਾਊਸ ਰੋਡ | 9.97 |
| 16 | | ਕੰਸ: ਆਫ ਟਾਇਲਟ ਬਲਾਕ - ਆਵਾ ਬਸਤੀ | 5.87 |
| 17 | | ਕੰਸ: ਆਫ ਟਾਇਲਟ ਬਲਾਕ - ਰੋਜ਼ ਗਾਰਡਨ | 12.66 |
| 18 | | ਰੈਨੋਵੇਸ਼ਨ ਆਫ ਟਾਇਲਟ ਬਲਾਕ ਇਨ ਜ਼ੋਗਰ ਪਾਰਕ | 8.27 |
| 19 | | ਕੰਸ: ਆਫ ਟਾਇਲਟ ਬਲਾਕ - ਵਿਸ਼ਵਕਰਮਾ ਮਾਰਕੀਟ | 12.70 |
| 20 | | ਕੰਸ: ਆਫ ਟਾਇਲਟ ਬਲਾਕ - ਦਾਣਾ ਮੰਡੀ ਨੇੜੇ ਚੌਂਕ ਕਿਸਾਨ ਭਵਨ | 4.66 |
| 21 | | ਕੰਸ: ਆਫ ਬਾਊਂਡਰੀ ਵਾਲ ਇਨ ਰੋਜ਼ ਗਾਰਡਨ | 9.43 |
| 22 | | ਸ/ਲ ਬੀ.ਐਮ. ਐਂਡ ਪੀ.ਸੀ. ਇਨ ਸਟਰੀਟਸ ਆਫ ਜ਼ੋਨ ਨੰਬਰ 1 (ਵਾਰਡ ਨੰਬਰ 35 ਐਂਡ 26) | 27.86 |
| 23 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਡਿਫਰੈਂਟ ਸਟਰੀਟਸ ਆਫ ਵਾਰਡ ਨੰਬਰ 28 | 27.44 |
| 24 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਡਿਫਰੈਂਟ ਸਟਰੀਟਸ ਆਫ ਵਾਰਡ ਨੰਬਰ 30 | 19.20 |
| 25 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਡਿਫਰੈਂਟ ਸਟਰੀਟਸ ਆਫ ਵਾਰਡ ਨੰਬਰ 29 | 2.93 |
| 26 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਪਾਰਕਿੰਗ ਪਲੇਸ ਆਪੋਜ਼ਿਟ ਗਲੋਬਲ ਹਸਪਤਾਲ ਆਨ ਮਾਲ ਰੋਡ | 2.83 |
| 27 | | ਸ਼੍ਰੀ ਸ਼੍ਰੀ 108 ਸੰਤ ਸ਼੍ਰੀ ਨਵਲ ਸਾਹਿਬ ਮਹਾਰਾਜ ਮਾਰਗ 80 ਫੁੱਟ ਰੋਡ ਨਜ਼ਦੀਕ ਪਟਿਆਲਾ ਫਾਟਕ ਆਵਾ ਬਸਤੀ ਦੇ ਉੱਤੇ ਦਰਸ਼ਨੀ ਗੇਟ ਬਨਾਉਣਾ | 9.82 |
| 28 | | ਕੰਸ: ਆਫ ਸ਼ੈਡ ਐਟ ਧੋਬੀ ਘਾਟ ਨੀਅਰ ਦੇਸ ਰਾਜ ਸਕੂਲ | 4.95 |
| 29 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਗਲੀ ਸੁਖਦੇਵ ਸਿੰਘ ਵਾਲੀ ਬੈਕ ਸਾਈਡ ਮੁੱਹਲਾ ਤੇਲੀਆਂ ਵਾਰਡ ਨੰਬਰ 30 | 1.20 |
| 30 | | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਗਊਸ਼ਾਲਾ ਵਾਲੀ ਐਂਡ ਐਡਜੁਆਇਨਿੰਗ ਸਟਰੀਟਸ ਆਫ ਵਾਰਡ ਨੰਬਰ 35 | 6.70 |
| 31 | | ਕੰਸ: ਆਫ ਰਾਉਂਡ ਅਬਾਊਟ ਐਂਡ ਡਿਵੈਲਪਮੈਂਟ ਆਫ ਹਾਜੀ ਰਤਨ ਚੌਂਕ | 6.08 |
| 32 | | ਕੰਸ: ਆਫ ਰੂਮ ਆਨ ਅਮਰੀਕ ਸਿੰਘ ਰੋਡ ਡਿਸਪੋਜ਼ਲ | 2.67 |
| 33 | | ਰਿਪੇਅਰ ਆਫ ਫੁੱਟਪਾਥ ਇਨ ਇੰਡਸਟਰੀਅਲ ਏਰੀਆ ਪਾਰਕ | 7.08 |
| 34 | | ਰਿਪੇਅਰ ਆਫ ਫੁੱਟਪਾਥ ਇੰਡਸਟਰੀਅਲ ਏਰੀਆ ਨੀਅਰ ਆਈ.ਟੀ.ਆਈ. ਚੌਂਕ | 2.31 |

| | | | |
|---|---|---|---|
| 35 | | ਪ੍ਰੋਵ: ਐਂਡ ਇੰਸਟਾਲਿੰਗ ਸਟਰੀਟ ਲਾਈਟ ਐਟ ਸੰਗੂਆਣਾ ਬਸਤੀ ਐਂਡ ਅਮਰਪੁਰਾ ਚੌਂਕ | 4.55 |
| 36 | | ਰਿਪੇਅਰ ਡੈਮੇਜ਼ਡ ਲਾਈਨਿੰਗ ਆਪ ਸਲੱਜ ਕੈਰੀਅਰ ਆਰ.ਡੀ. 0 ਟੂ 41717 ਟੇਲ | 21.64 |
| 37 | | ਕੰਸ: ਆਫ ਬਾਊਂਡਰੀ ਵਾਲ ਸਬ ਫਾਇਰ ਸਟੇਸ਼ਨ ਇੰਡਸਟਰੀਅਲ ਏਰੀਆ | 3.19 |
| 38 | | ਸ/ਲੇਇੰਗ ਬੀ.ਐਮ. ਐਂਡ ਪੀ.ਸੀ. ਓਪਨਗਰੇਡਡ ਅਲਾਂਗ ਡਿਸਟ੍ਰੀਬਿਊਟਰੀ ਹਰਬੰਸ ਨਗਰ ਵਾਰਡ ਨੰਬਰ 13-14 | 6.25 |
| 39 | | ਹਾਈਮਾਸਟ ਅਤੇ ਲੋਡਰ ਟਾਇਪ ਬਰੈਕਟਾਂ ਤੇ ਲਗੀਆਂ ਲਾਈਟਾਂ ਦੀ ਦੇਖਭਾਲ ਕਰਨਾ | 8.33 |
| 40 | | ਰੈਨੋਵੇਸ਼ਨ ਆਫ ਡਾ: ਬੀ.ਆਰ. ਅੰਬੇਦਕਰ ਪਾਰਕ ਨੇੜੇ ਰੋਜ਼ ਗਾਰਡਨ ਚੌਂਕ | 14.64 |
| 41 | | ਸ/ਲ ਸੀਮਿੰਟ ਕੰਕਰੀਟ ਇਨ ਸਟਰੀਟ ਮੈਡਮ ਸ਼ਾਂਤੀ ਜਿੰਦਲ ਐਕਸ ਐਮ.ਸੀ. ਵਾਲੀ | 4.95 |
| 42 | | ਸ/ਲ ਇੰਟਰਲਾਕਿੰਗ ਟਾਇਲਜ਼ ਅਲਾਂਗ ਪਾਰਕ ਨੰਬਰ 11 ਮਾਡਲ ਟਾਊਨ ਫੇਜ਼-1 | 12.43 |
| 43 | | ਕੰਸ: ਆਫ ਕਾਨਫਰੰਸ ਹਾਲ ਐਟ ਬਠਿੰਡਾ ਪ੍ਰੈਸ ਕਲੱਬ ਧਾਰਾ 82/3 ਅਧੀਨ ਮੰਨਜ਼ੂਰੀ ਲੈਣ ਉਪਰੰਤ | 10.24 |
| 44 | | ਕੰਸ: ਆਫ ਟਾਇਲਟ ਬਲਾਕ - ਮਾਡਲ ਟਾਊਨ ਟਾਇਲਟ ਨੰਬਰ 12 | 6.45 |

ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਜਗਰੂਪ ਸਿੰਘ ਗਿੱਲ, ਨਗਰ ਕੌਂਸਲਰ ਨੇ ਪੁੱਛਿਆ ਕਿ ਲੜੀ ਨੰ: 27 ਤੇ ਦਰਜ਼ ਕੰਮ ਲਈ ਕੀ ਨਗਰ ਨਿਗਮ ਪਾਸ ਅਜਿਹੀ ਕੋਈ ਪਾਲਿਸੀ ਹੈ, ਤਾਂ ਇਸ ਬਾਰੇ ਜਾਣੂ ਕਰਵਾਇਆ ਜਾਵੇ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਸਰਕਾਰ ਤੋਂ ਸਾਰਿਆਂ ਤਖਮੀਨਿਆਂ ਦੀ ਪ੍ਰਵਾਨਗੀ ਮਿਲਣ ਉਪਰੰਤ ਹੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**ਮਤਾ ਨੰਬਰ 44: ਪ੍ਰਵਾਨ ਹੈ।**

**ਏਜੰਡਾ ਨੰ: 3**

ਰਿਪੋਰਟ ਵਰਕਸ ਸ਼ਾਖਾ ਕਿ ਪਬਲਿਕ ਦੀ ਡਿਮਾਂਡ ਤੇ ਜ਼ੋਗਰ ਪਾਰਕ ਵਿਖੇ ਆਊਟਡੋਰ ਜਿਮ ਸਥਾਪਿਤ ਕਰਨ ਲਈ ਪਤਾ ਕੀਤਾ ਗਿਆ, ਜਿਸ ਵਿੱਚ MICE PLUS SOLUTIONS PVT. LTD. ਕੰਪਨੀ ਵੱਲੋਂ ਜਿਮ ਦਾ ਸਮਾਨ ਜਿਵੇਂ ਕਿ Air Walker, Leg Shaper, Chest Shaper, Hip Twister and Stepper, Parallels Bars, Knee Chair, Shoulder Wheel ਅਤੇ ਹੋਰ ਕਾਫੀ ਸਿਹਤ ਪੱਖੀ ਸਮਾਨ ਲਗਾਇਆ ਜਾਣਾ ਹੈ। ਇਸ ਲਈ ਪਬਲਿਕ ਹਿੱਤ ਵਿੱਚ ਜ਼ੋਗਰ ਪਾਰਕ ਵਿਖੇ ਆਊਟਡੋਟ ਜਿੰਮ ਸਥਾਪਤ ਕਰਨ ਸਬੰਧੀ ਪ੍ਰਪੋਜ਼ਲ ਦਿੱਤੀ ਹੈ। ਜ਼ੋਗਰ ਪਾਰਕ ਵਿਖੇ ਓਪਨ ਜਿਮ ਦੀ ਜਗ੍ਹਾ ਦੇਣ ਅਤੇ ਪਬਲੀਕੇਸ਼ਨ ਰਾਹੀਂ Expression of Interest ਮੰਗਣ ਸਬੰਧੀ ਹਾਊਸ ਦੀ ਪ੍ਰਵਾਨਗੀ ਲਈ ਕੇਸ ਵਿਚਾਰ ਹਿੱਤ।

**ਮਤਾ ਨੰਬਰ 45: ਪ੍ਰਵਾਨ ਹੈ।**

**ਏਜੰਡਾ ਨੰ: 4**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਹਿਰ ਪਾਰ ਦੇ ਏਰੀਏ ਲਈ ਐਸ.ਟੀ.ਪੀ./ਐਮ.ਪੀ.ਐਸ. ਵਾਸਤੇ ਜਮੀਨ ਨਗਰ ਸੁਧਾਰ ਟਰੱਸਟ ਤੋਂ ਖਰੀਦ ਕਰਨ ਲਈ ਮਤਾ ਨੰਬਰ 112 ਮਿਤੀ 20.01.2016 ਪ੍ਰਵਾਨ ਕੀਤਾ ਗਿਆ ਸੀ। ਇਹ ਮਤਾ ਸਰਕਾਰ ਦੇ ਪੱਤਰ ਨੰਬਰ 16/51637 ਮਿਤੀ 19.10.2016 ਰਾਹੀਂ ਪ੍ਰਵਾਨ ਹੋ ਚੁੱਕਾ ਹੈ। ਟਰੱਸਟ ਵੱਲੋਂ ਜਮੀਨ ਦੇਣ ਸਬੰਧੀ ਮਤਾ ਨੰਬਰ 13 ਮਿਤੀ 22.03.2016 ਪਾਇਆ ਗਿਆ ਸੀ। ਇਸ ਮਤੇ ਦੀ ਪ੍ਰਵਾਨਗੀ ਵੀ ਸਰਕਾਰ ਵੱਲੋਂ ਹਾਸਲ ਹੋ ਚੁੱਕੀ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਰੇਟ ਨਿਰਧਾਰਤ ਕਰਨ ਲਈ ਲਿਖਿਆ ਗਿਆ ਸੀ। ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਪ੍ਰਾਪਤ ਪੱਤਰ ਨੰਬਰ 2043-2046/ ਜਮਲ ਮਿਤੀ 20.10.2016 ਅਨੁਸਾਰ ਇਸ ਜਗ੍ਹਾ ਦੇ ਰੇਟ 1.5 ਕਰੋੜ ਰੁਪਏ ਪ੍ਰਤੀ ਏਕੜ ਨਿਰਧਾਰਤ ਕੀਤੇ ਹਨ। ਨਿਰਧਾਰਤ ਰੇਟਾਂ ਤੇ ਵਿਚਾਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 46: ਪ੍ਰਵਾਨ ਹੈ।**

**ਏਜੰਡਾ ਨੰ: 5**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਗਰੋਥ ਸੈਂਟਰ ਵਿੱਚ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਤ੍ਰਿਵੇਣੀ ਕੰਪਨੀ ਰਾਹੀਂ ਵਾਟਰ ਟਰੀਟਮੈਂਟ ਪਲਾਂਟ ਦਾ ਕੰਮ ਕਰਵਾਇਆ ਜਾਣਾ ਹੈ। ਇਸ ਪਲਾਂਟ ਲਈ ਦੋ ਐਸ. ਐਂਡ ਐਸ ਟੈਂਕ ਪਰਪੋਜ਼ ਕੀਤੇ ਗਏ ਹਨ। ਤ੍ਰਿਵੇਣੀ ਕੰਪਨੀ ਨੂੰ ਦਿੱਤੇ ਗਏ ਟੈਂਡਰ ਅਨੁਸਾਰ ਇਹਨਾਂ ਟੈਂਕਾਂ ਦੀ ਖੁਦਾਈ ਉਪਰ ਲਗਭਗ 3.00 ਕਰੋੜ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ। ਇਸਤੋਂ ਇਲਾਵਾ ਪੁੱਟੀ ਗਈ ਮਿੱਟੀ ਡਿਸਪੋਜ਼ ਆਫ ਕਰਨ ਤੇ ਵੀ ਲਗਭਗ 6.00 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਨਗਰ ਨਿਗਮ ਵੱਲੋਂ ਇਹਨਾਂ ਟੈਂਕਾਂ ਦੀ ਖੁਦਾਈ ਕਰਨ ਲਈ ਮਿੱਟੀ ਡਿਸਪੋਜ਼ ਆਫ ਕਰਨ ਲਈ Expression of Interest ਮੰਗਿਆ ਗਿਆ ਸੀ, ਜਿਸ ਵਿੱਚ ਠੇਕੇਦਾਰ ਵੱਲੋਂ ਕਿਹਾ ਗਿਆ ਸੀ ਕਿ ਉਹ ਸਾਰੀ ਖੁਦਾਈ ਆਪ ਕਰੇਗਾ ਅਤੇ ਸਾਰੀ ਮਿੱਟੀ ਵੀ ਆਪਣੀ ਮਰਜ਼ੀ ਅਨੁਸਾਰ ਆਪ ਡਿਸਪੋਜ਼ ਆਫ ਕਰੇਗਾ। ਇਸਦੇ ਬਾਵਜੂਦ ਠੇਕੇਦਾਰ ਨਗਰ ਨਿਗਮ ਨੂੰ ਮਿੱਟੀ ਦੀ ਕੀਮਤ ਵੱਜੋਂ 0.25

ਪੈਸੇ ਪ੍ਰਤੀ ਘਣਮੀਟਰ ਅਦਾ ਕਰੇਗਾ। ਇਸ ਤਰ੍ਹਾਂ ਕਰਨ ਨਾਲ ਨਗਰ ਨਿਗਮ ਦੇ ਮਿੱਟੀ ਦੀ ਖੁਦਾਈ ਅਤੇ ਡਿਸਪੋਜ਼ ਆਫ ਤੇ ਆਉਣ ਵਾਲੇ ਖਰਚੇ ਦੀ ਬਚਤ ਦੇ ਨਾਲ-ਨਾਲ ਨਗਰ ਨਿਗਮ ਨੂੰ 0.25 ਪੈਸੇ ਪ੍ਰਤੀ ਘਣਮੀਟਰ ਦੀ ਆਮਦਨ ਹੋਣੀ ਹੈ।

ਇਸ ਬਾਬਤ ਜੱਦ ਕਾਰਜਕਾਰੀ ਇੰਜੀਨੀਅਰ, ਮੰਡਲ ਨੰਬਰ 2, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਪੁੱਛਿਆ ਗਿਆ ਕਿ ਇਸ ਤਰ੍ਹਾਂ ਕਰਨ ਲਈ ਤ੍ਰਿਵੇਣੀ ਕੰਪਨੀ ਨਾਲ ਹੋਏ ਐਗਰੀਮੈਂਟ ਦੀ ਕਿਸੇ ਧਾਰਾ ਦੀ ਉਲਘੰਣਾ ਤਾਂ ਨਹੀਂ ਹੁੰਦੀ, ਤਾਂ ਉਹਨਾਂ ਵੱਲੋਂ ਆਪਣੇ ਪੱਤਰ ਨੰਬਰ 3371 ਮਿਤੀ 27.06.2016 ਰਾਹੀਂ ਲਿਖਿਆ ਗਿਆ ਹੈ ਕਿ:-

"There is no provision for withdrawing the work from the allottee agency and get it executed from other agency for this item. This may cause litigation and complication."

ਉਕਤ ਦੇ ਮੱਦੇ ਨਜ਼ਰ ਟੈਂਕਾਂ ਦੀ ਖੁਦਾਈ ਦਾ ਕੰਮ ਠੇਕੇਦਾਰ ਨੂੰ ਅਲਾਟ ਨਹੀਂ ਕੀਤਾ ਗਿਆ। ਕੇਸ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

ਮਤਾ ਨੰਬਰ 47: ਪਾਸ ਕੀਤਾ ਗਿਆ ਕਿ ਪੈਡਿੰਗ ਰੱਖਿਆ ਜਾਵੇ।

ਹਾਊਸ ਵਿੱਚ ਬਹੁ ਸੰਖਿਆ ਵਿੱਚ ਨਗਰ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਪਹਿਲਾਂ ਜਿੰਨ੍ਹੇ ਟੈਂਕ ਬਣੇ ਹੋਏ ਹਨ, ਪਹਿਲਾਂ ਉਹਨਾਂ ਦੀ ਡੀ-ਸਿਲਟਿੰਗ ਕਰਵਾਈ ਜਾਵੇ। ਇਸਤੋਂ ਇਲਾਵਾ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇ ਕਿ ਉਕਤ ਸਮੱਸਿਆ ਦੇ ਹੱਲ ਲਈ ਇੱਕ ਹੋਰ ਟੈਂਕ ਬਣਾਇਆ ਜਾਵੇ ਅਤੇ ਟੈਂਕ ਬਨਾਉਣ ਦੇ ਅਧਿਕਾਰ ਨਗਰ ਨਿਗਮ ਨੂੰ ਦਿੱਤੇ ਜਾਣ। ਇਸਤੇ ਮੇਅਰ ਸਾਹਿਬ ਨੇ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਨਗਰ ਕੌਂਸਲਰ ਨੇ ਮੰਗ ਕੀਤੀ ਕਿ ਉਹਨਾਂ ਦੇ ਏਰੀਏ ਵਿੱਚ ਬਣੇ ਟੈਂਕਾਂ ਨੂੰ ਆਪਸ ਵਿੱਚ ਜੋੜਿਆ ਜਾਵੇ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਉਕਤ ਟੈਂਕ ਆਪਸ ਵਿੱਚ ਜੋੜਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਨਗਰ ਕੌਂਸਲਰ ਨੇ ਲਾਇਨੋਪਾਰ ਇਲਾਕੇ ਲਈ 40.00 ਕਰੋੜ ਰੁਪਏ ਦੇ ਪ੍ਰੋਜੈਕਟ ਅਧੀਨ ਕੰਮ ਕਰਵਾਉਣ ਲਈ ਸਮੁੱਚੇ ਹਾਊਸ ਨੂੰ ਵਧਾਈ ਦਿੱਤੀ। ਪਰੰਤੂ ਉਹਨਾਂ ਅਫਸੋਸ ਜਾਹਰ ਕੀਤਾ ਕਿ ਕੰਮ ਦੀ ਸ਼ੁਰੂਆਤ ਸਮੇਂ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਮੌਜੂਦ ਨਹੀਂ ਸਨ। ਉਹਨਾਂ ਮੰਗ ਕੀਤੀ ਕਿ ਜਿਸ ਵੀ ਵਾਰਡ ਵਿੱਚ ਵਿਕਾਸ ਦੇ ਕੰਮਾਂ ਦਾ ਉਦਘਾਟਨ ਕੀਤਾ ਜਾਂਦਾ ਹੈ ਤਾਂ ਫਾਊਂਡੇਸ਼ਨ ਸਟੋਨ ਤੇ ਉਸ ਵਾਰਡ ਦੇ ਸਬੰਧਤ ਕੌਂਸਲਰ ਦਾ ਨਾਮ ਜਰੂਰ ਹੋਣਾ ਚਾਹੀਦਾ ਹੈ। ਉਹਨਾਂ ਇਹ ਵੀ ਦਸਿਆ ਕਿ ਸੰਜੇ ਨਗਰ ਦੇ ਟੋਭੇ ਦੇ ਆਸ-ਪਾਸ ਕਈ ਵਿਅਕਤੀਆਂ ਵੱਲੋਂ ਅਣਅਧਿਕਾਰਤ ਤੋਰ ਤੇ ਦੁਕਾਨਾਂ ਬਣਾ ਲਈਆਂ ਹਨ। ਉਹਨਾਂ ਇਹ ਦੁਕਾਨਾਂ ਜਲਦ ਤੋਂ ਜਲਦ ਢਾਹੁਣ ਦੀ ਮੰਗ ਕੀਤੀ। ਇਸਤੋਂ ਇਲਾਵਾ ਸ਼ਹਿਰ ਵਿੱਚ ਕਈ ਥਾਂਈਂ ਲੋਕਾਂ ਵੱਲੋਂ ਅਣਅਧਿਕਾਰਤ ਤੋਰ ਤੇ 4-4 ਫੁੱਟ ਦੀਆਂ ਥੜ੍ਹੀਆਂ ਬਣਾ ਕੇ ਸੜ੍ਹਕਾਂ ਰੋਕੀਆਂ ਹੋਈਆਂ ਹਨ, ਜਿਸ ਨਾਲ ਟ੍ਰੈਫਿਕ ਵਿੱਚ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਤ੍ਰਿਵੇਣੀ ਕੰਪਨੀ ਵੱਲੋਂ ਜੋ ਮਟੀਰਿਅਲ ਵਰਤਿਆ ਜਾ ਰਿਹਾ ਹੈ, ਉਹ ਬਹੁਤ ਹੀ ਘਟਿਆ ਹੈ।ਇਸਤੇ ਮੇਅਰ ਸਾਹਿਬ ਨੇ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਨਗਰ ਕੌਂਸਲਰ ਨੇ ਦਸਿਆ ਕਿ ਲਾਲ ਸਿੰਘ ਬਸਤੀ ਵਿਖੇ ਆਰ.ਓ. ਦਾ ਬੇਕਾਰ ਪਾਣੀ ਸੜ੍ਹਕਾਂ ਤੇ ਆਉਣ ਨਾਲ ਬੁਰਾ ਹਾਲ ਹੈ। ਇਸ ਨਾਲ ਆਉਣ ਜਾਣ ਵਾਲਿਆਂ ਨੂੰ ਬਹੁਤ ਜਿਆਦਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਆਰ.ਓ. ਦਾ ਬੇਕਾਰ ਪਾਣੀ ਸੀਵਰ ਵਿੱਚ ਪਾਈਪ ਪਾ ਕੇ ਪਾ ਦਿੱਤਾ ਜਾਵੇ।

ਮੇਅਰ ਸਾਹਿਬ ਨੇ ਦਸਿਆ ਕਿ ਜੱਦ ਵੀ ਸ਼ਹਿਰ ਵਿੱਚ ਬਰਸਾਤ ਆਉਂਦੀ ਹੈ ਤਾਂ ਸ਼ਹਿਰ ਦੇ ਸਾਰੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਜਿਵੇਂ ਕਿ ਸਾਰੇ ਜਾਣਦੇ ਹਨ ਕਿ ਬਠਿੰਡਾ ਸ਼ਹਿਰ ਦੀ ਬਣਤਰ ਇੱਕ ਬਾਉਲ (ਕੋਲੇ) ਦੀ ਤਰ੍ਹਾਂ ਹੈ, ਜੋ ਕਿ ਵਿਚਾਲੇ ਤੋਂ ਡੂੰਘਾ ਅਤੇ ਸਾਈਡਾਂ ਤੋਂ ਉੱਚਾ ਹੈ। ਜੱਦ ਵੀ ਬਰਸਾਤ ਜਾਂ ਕਿਸੇ ਹੋਰ ਕਾਰਨਾਂ ਕਰਕੇ ਪਾਣੀ ਇੱਕਠਾ ਹੁੰਦਾ ਹੈ ਤਾਂ ਇਸ ਨਾਲ ਸ਼ਹਿਰ ਦਾ ਵਿਚਲਾ ਇਲਾਕਾ ਪਾਣੀ ਨਾਲ ਭਰ ਜਾਂਦਾ ਹੈ। ਬਠਿੰਡਾ ਸ਼ਹਿਰ ਜੱਦ ਤੋਂ ਵਸਿਆ ਹੈ, ਉਸ ਸਮੇਂ ਤੋਂ ਹੀ ਸ਼ਹਿਰ ਦੇ ਚਾਰੇ ਪਾਸੇ ਜਿਵੇਂ ਕਿ ਅਮਰਪੁਰਾ ਬਸਤੀ, ਸੰਜੇ ਨਗਰ, ਚੰਦਸਰ ਬਸਤੀ ਅਤੇ ਸੰਗੂਆਣਾ ਬਸਤੀ ਆਦਿ ਵਿੱਚ ਕੁਦਰਤੀ ਤੋਰ ਤੇ ਬਣੇ ਟੋਭਿਆਂ ਵਿੱਚ ਇਹ ਪਾਣੀ ਕੁਦਰਤੀ ਫਲੌ ਨਾਲ ਆਪਣੇ ਆਪ ਚਲਾ ਜਾਂਦਾ ਸੀ। ਪਰੰਤੂ ਇਹ ਆਮ ਦੇਖਣ ਵਿੱਚ ਆ ਰਿਹਾ ਹੈ ਕਿ ਕਈ ਲੋਕਾਂ ਵੱਲੋਂ ਅਣ-ਅਧਿਕਾਰਤ ਤੋਰ ਤੇ ਟੋਭਿਆਂ ਤੇ ਨਜਾਇਜ ਦੱਬ ਕਰਕੇ ਨਜਾਇਜ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਇਸਤੋਂ ਇਲਾਵਾ ਇਹਨਾਂ ਟੋਭਿਆਂ ਵਿੱਚ ਸੀਵਰ ਦਾ ਗੰਦਾ ਪਾਣੀ ਸਟੋਰ ਹੋਣ ਨਾਲ ਬੀਮਾਰੀਆਂ ਫੈਲਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ।

ਉਕਤ ਤੋਂ ਆਮ ਪਬਲਿਕ ਨੂੰ ਆ ਰਹੀ ਸਮੱਸਿਆ ਨੂੰ ਦੇਖਦੇ ਹੋਏ ਇਹ ਯੋਗ ਹੋਵੇਗਾ ਕਿ ਸ਼ਹਿਰ ਦੇ ਚਾਰੇ ਟੋਭਿਆਂ ਚੋਂ ਗੰਦੇ ਪਾਣੀ ਨੂੰ ਕੱਢ ਕੇ ਡੀ-ਸਿਲਟਿੰਗ ਕਰਵਾਈ ਜਾਵੇ। ਟੋਭਿਆਂ ਦੇ ਆਲੇ-ਦੁਆਲੇ ਹੋ ਰਹੀਆਂ ਨਜਾਇਜ ਉਸਾਰੀਆਂ ਨੂੰ ਰੋਕਣ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਧਰਤੀ ਹੇਠਾਂ ਗੰਦਾ ਪਾਣੀ ਜਾਣ ਤੋਂ ਰੋਕਣ ਖਾਤਰ ਟੋਭਿਆਂ ਵਿੱਚ ਪੱਥਰ, ਰੇਤਾ ਅਤੇ ਬਜ਼ਰੀ ਆਦਿ ਪਾਈ

ਜਾਵੇ। ਟੋਭੇ ਦੇ ਆਲੇ-ਦੁਆਲੇ ਲੋਹੇ ਦੀ ਜਾਲੀ ਜਾਂ ਦੀਵਾਰਾਂ ਆਦਿ ਬਣਾ ਕੇ ਨਜਾਇਜ ਹੋ ਰਹੇ ਕਬਜਿਆਂ ਨੂੰ ਰੋਕਿਆ ਜਾਵੇ। ਟੋਭਿਆਂ ਦੀ ਜਗ੍ਹਾ ਤੇ ਸੁੰਦਰ ਸੈਰਗਾਹ ਬਨਾਉਣ ਦੇ ਉਪਰਾਲੇ ਕੀਤੇ ਜਾਣ। ਸੀਵਰੇਜ਼ ਦਾ ਗੰਦਾ ਪਾਣੀ ਟੋਭਿਆਂ ਵਿੱਚ ਜਾਣ ਤੋਂ ਰੋਕਿਆ ਜਾਵੇ ਅਤੇ ਇਹਨਾਂ ਟੋਭਿਆਂ ਵਿੱਚ ਬਰਸਾਤਾਂ ਦੋਰਾਨ ਮੀਂਹ ਦਾ ਪਾਣੀ ਇੱਕਠਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਡੀ.ਪੀ.ਆਰ ਤਿਆਰ ਕਰਕੇ ਹਾਊਸ ਵਿੱਚ ਪੇਸ਼ ਕੀਤੀ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ। ਸ਼ਹਿਰ ਦੇ ਸਾਰੇ ਟੋਭੇ ਗਰੀਬ ਬਸਤੀਆਂ ਵਿੱਚ ਹਨ। ਉਹਨਾਂ ਕਿਹਾ ਕਿ ਮੇਰੇ ਵੱਲੋਂ ਇਸ ਸਬੰਧੀ ਪਹਿਲਾਂ ਹੀ ਪੱਤਰ ਨੰਬਰ 315 ਮਿਤੀ 06.09.2016 ਅਤੇ ਪੱਤਰ ਨੰਬਰ 354 ਮਿਤੀ 18.10.2016 ਰਾਹੀਂ ਹਦਾਇਤ ਕੀਤੀ ਗਈ ਹੈ ਕਿ ਇਹਨਾਂ ਟੋਭਿਆਂ ਦਾ ਸੁੰਦਰੀਕਰਨ ਕੀਤਾ ਜਾਵੇ ਅਤੇ ਇਹਨਾਂ ਟੋਭਿਆਂ ਤੇ ਸੁੰਦਰ ਸੈਰਗਾਹ ਬਣਾ ਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਉਹਨਾਂ ਕਿਹਾ ਕਿ ਜਿੰਨ੍ਹਾਂ ਵਿਅਕਤੀਆਂ ਵੱਲੋਂ ਅਣਅਧਿਕਾਰਤ ਤੋਰ ਤੇ ਦੁਕਾਨਾਂ ਬਣਾਈਆਂ ਗਈਆਂ ਹਨ, ਉਹਨਾਂ ਦੀਆਂ ਦੁਕਾਨਾਂ ਤੋੜ੍ਹ ਦਿੱਤੀਆਂ ਜਾਣ ਅਤੇ ਤਕਰੀਬਨ 30-30 ਫੁੱਟ ਦੀ ਗਰੀਨ ਬੈਲਟ ਦੀ ਉਸਾਰੀ ਕੀਤੀ ਜਾਵੇ। ਗਰੀਨ ਬੈਲਟ ਦੀ ਉਸਾਰੀ ਕਰਨ ਨਾਲ ਇਹਨਾਂ ਟੋਭਿਆਂ ਤੇ ਨਜਾਇਜ ਕਬਜਾ ਵੀ ਨਹੀਂ ਹੋ ਸਕੇਗਾ। ਇਸਤੋਂ ਇਲਾਵਾ ਸ਼ਹਿਰ ਦੇ ਸਾਰੇ ਟੋਭਿਆਂ ਦਾ ਸੁੰਦਰੀਕਰਨ ਕਰਨ ਖਾਤਰ 15 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਪੇਸ਼ ਕੀਤੀ ਜਾਵੇ।

ਸ਼੍ਰੀਮਤੀ ਪ੍ਰੀਤਮ ਕੋਰ, ਨਗਰ ਕੌਂਸਲਰ ਵਾਰਡ ਨੰਬਰ 31 ਨੇ ਬੇਨਤੀ ਕੀਤੀ ਕਿ ਉਹਨਾਂ ਦੇ ਵਾਰਡ ਦੇ ਕਿਕਰ ਦਾਸ ਮੁੱਹਲੇ ਦੀ ਗਲੀ ਨੰਬਰ 5 ਬਣਨ ਵਾਲੀ ਹੈ, ਉਸਨੂੰ ਜਲਦ ਤੋਂ ਜਲਦ ਬਣਵਾਇਆ ਜਾਵੇ। ਉਹਨਾਂ ਇਹ ਵੀ ਦਸਿਆ ਕਿ ਤ੍ਰਿਵੇਣੀ ਵੱਲੋਂ ਕੰਮ ਕਰਨ ਉਪਰੰਤ ਥਾਂ-ਥਾਂ ਤੇ ਜੋ ਟੋਏ ਪੁੱਟੇ ਗਏ ਸਨ, ਉਹ ਅਜੇ ਤੱਕ ਠੀਕ ਨਹੀਂ ਕੀਤੇ ਗਏ। ਉਹਨਾਂ ਇਹ ਟੋਏ ਜਲਦ ਤੋਂ ਜਲਦ ਭਰਨ ਦੀ ਮੰਗ ਕੀਤੀ।

ਸ਼੍ਰੀਮਤੀ ਪ੍ਰਵਿੰਦਰ ਕੋਰ ਸਿੱਧੂ, ਨਗਰ ਕੌਂਸਲਰ, ਵਾਰਡ ਨੰਬਰ 8 ਨੇ ਬੇਨਤੀ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਨਾ ਤਾਂ ਵਿਕਾਸ ਦਾ ਕੋਈ ਕੰਮ ਹੋਇਆ ਹੈ ਅਤੇ ਨਾ ਹੀ ਟੈਂਕੀ ਵਾਲੇ ਪਾਰਕ ਵਿੱਚ ਕੋਈ ਕੰਮ ਕੀਤਾ ਗਿਆ ਹੈ। ਉਹਨਾਂ ਗਲੀ ਨੰਬਰ 3 ਵਿੱਚ ਵੀ ਕੰਮ ਕਰਵਾਉਣ ਦੀ ਮੰਗ ਕੀਤੀ। ਇਸਤੋਂ ਇਲਾਵਾ ਗਲੀ ਨੰਬਰ 26/3 ਵਿੱਚ ਪਾਈਪਾਂ ਜੋੜ੍ਹਨ ਲਈ ਕਿਹਾ। ਉਹਨਾਂ ਇਹ ਵੀ ਬੇਨਤੀ ਕੀਤੀ ਕਿ ਅਜੀਤ ਰੋਡ ਗਲੀ ਨੰ: 25-26 ਵਿਖੇ ਜੋ ਕੋਰਟ ਕੇਸ ਚੱਲ ਰਿਹਾ ਹੈ, ਉਸ ਬਾਰੇ ਕੀਤੀ ਕਾਰਵਾਈ ਤੋਂ ਜਾਣੂ ਕਰਵਾਇਆ ਜਾਵੇ।

ਸ਼੍ਰੀਮਤੀ ਰਾਜਪ੍ਰੀਤ ਕੋਰ ਬਰਾੜ, ਨਗਰ ਕੌਂਸਲਰ, ਵਾਰਡ ਨੰਬਰ 14 ਨੇ ਗਲੀ ਨੰਬਰ 6, ਹਰਬੰਸ ਨਗਰ ਵਿੱਚ ਸਟਾਰਮ ਸੀਵਰ ਦੇ ਚੈਂਬਰ ਤੇ ਇੰਜਣ ਰੱਖਣ ਦੀ ਮੰਗ ਕੀਤੀ। ਇਸਤੋਂ ਇਲਾਵਾ ਉਹਨਾਂ ਜਾਣੂ ਕਰਵਾਇਆ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਦੀ ਬਹੁਤ ਜਿਆਦਾ ਸਮੱਸਿਆ ਹੈ।

ਸ਼੍ਰੀਮਤੀ ਸ਼ਿੰਦਰ ਕੋਰ, ਨਗਰ ਕੌਂਸਲਰ, ਵਾਰਡ ਨੰਬਰ 40 ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿਖੇ ਗੁਰੂ ਨਾਨਕ ਨਗਰ, ਮੁਲਤਾਨੀਆ ਰੋਡ, ਬਚਨ ਕਲੋਨੀ ਅਤੇ ਸੁਰਖਪੀਰ ਰੋਡ ਆਦਿ ਤੇ ਵਿਕਾਸ ਦੇ ਕੰਮ ਜਲਦ ਤੋਂ ਜਲਦ ਕਰਵਾਏ ਜਾਣ ਅਤੇ ਮੁਲਤਾਨੀਆ ਰੋਡ ਗਲੀ ਨੰਬਰ 1/3 ਅਤੇ 1/4 ਵਿੱਚ ਪਾਣੀ ਦੀ ਪਾਈਪ ਅਤੇ ਸੜ੍ਹਕ ਬਨਾਉਣ ਦਾ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ।

ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਨਗਰ ਕੌਂਸਲਰ, ਵਾਰਡ ਨੰਬਰ 34 ਨੇ ਮੰਗ ਕੀਤੀ ਕਿ ਉਹਨਾਂ ਦੇ ਏਰੀਏ ਦੇ ਅਮਰਪੁਰਾ ਬਸਤੀ ਟੋਭੇ ਵਿੱਚ ਗੰਦਗੀ ਨੂੰ ਸਾਫ ਮਿੱਟੀ ਨਾਲ ਢਕਿਆ ਜਾਵੇ ਅਤੇ ਇਸ ਜਗ੍ਹਾ ਗਰੀਨ ਬੈਲਟ ਦੀ ਉਸਾਰੀ ਕੀਤੀ ਜਾਵੇ। ਗਰੀਨ ਬੈਲਟ ਦੀ ਉਸਾਰੀ ਕਰਨ ਨਾਲ ਇਹਨਾਂ ਟੋਭਿਆਂ ਤੇ ਨਜਾਇਜ ਕਬਜਾ ਵੀ ਨਹੀਂ ਹੋ ਸਕੇਗਾ। ਇਸ ਟੋਭੇ ਦੇ ਆਲੇ-ਦੁਆਲੇ ਲੋਹੇ ਦੀ ਜਾਲੀ ਜਾਂ ਦੀਵਾਰ ਬਣਾਈ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਸ਼੍ਰੀਮਤੀ ਗੁਰਮੀਤ ਕੋਰ, ਨਗਰ ਕੌਂਸਲਰ, ਵਾਰਡ ਨੰਬਰ 49 ਨੇ ਦਰਖਾਸਤਾਂ ਦੇ ਕੇ ਬੇਨਤੀ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਰਹਿੰਦੇ ਵਿਕਾਸ ਦੇ ਕੰਮ ਕਰਵਾਏ ਜਾਣ।

ਇਸਤੇ ਮੇਅਰ ਸਾਹਿਬ ਨੇ ਸ਼੍ਰੀਮਤੀ ਪ੍ਰੀਤਮ ਕੋਰ, ਸ਼੍ਰੀਮਤੀ ਪ੍ਰਮਿੰਦਰ ਕੋਰ ਸਿੱਧੂ, ਸ਼੍ਰੀਮਤੀ ਰਾਜਪ੍ਰੀਤ ਕੋਰ ਬਰਾੜ, ਸ਼੍ਰੀਮਤੀ ਸ਼ਿੰਦਰ ਕੋਰ, ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਸ਼੍ਰੀਮਤੀ ਗੁਰਮੀਤ ਕੋਰ, ਨਗਰ ਕੌਂਸਲਰਜ਼ ਦੇ ਹੋਣ ਵਾਲੇ ਕੰਮ ਜਲਦ ਤੋਂ ਜਲਦ ਕਰਵਾਉਣ ਦੀ ਹਦਾਇਤ ਕੀਤੀ।

ਸ਼੍ਰੀ ਹਰਵਿੰਦਰ ਕੁਮਾਰ, ਨਗਰ ਕੌਂਸਲਰ, ਵਾਰਡ ਨੰਬਰ 46 ਨੇ ਉਹਨਾਂ ਦੇ ਵਾਰਡ ਵਿੱਚ 98% ਵਿਕਾਸ ਦੇ ਕੰਮ ਕਰਾਉਣ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਮੰਗ ਕੀਤੀ ਕਿ ਉਹਨਾਂ ਦੇ ਏਰੀਏ ਵਿੱਚ ਸੀਵਰ ਦੇ ਲਗਾਏ ਗਏ ਪਲੱਗ ਜਲਦ ਤੋਂ ਜਲਦ ਖੁਲਵਾਏ ਜਾਣ।

ਸ਼੍ਰੀਮਤੀ ਸ਼ਿੰਦਰ ਕੋਰ, ਨਗਰ ਕੌਂਸਲਰ ਇਸ ਮੌਕੇ ਬਾਹਰ ਚਲੇ ਗਏ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਨਗਰ ਕੌਂਸਲਰ, ਵਾਰਡ ਨੰਬਰ 39 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਕਈ ਦਿਨਾਂ ਤੋਂ ਪਾਣੀ ਦੀ ਪਾਈਪ ਟੁੱਟੀ ਹੋਈ ਹੈ ਅਤੇ ਕਈ ਥਾਂਈਂ ਲੀਕੇਜ਼ ਹੋ ਰਹੀ ਹੈ। ਉਹਨਾਂ ਕਿਹਾ ਕਿ ਇਸ ਸਬੰਧੀ ਕਈ ਵਾਰ ਜਾਣੂ ਕਰਵਾਇਆ ਗਿਆ ਹੈ, ਪਰੰਤੂ ਅਜੇ ਤੱਕ ਕੰਮ ਨਹੀਂ ਕੀਤਾ ਗਿਆ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਵਿੱਚ ਜੋ ਸੀਵਰੇਜ਼ ਦਾ ਪਾਣੀ ਖੜ੍ਹਾ ਹੈ, ਉਹ ਕਢਵਾਇਆ ਜਾਵੇ।

ਸ਼੍ਰੀ ਜਸਬੀਰ ਸਿੰਘ ਜੱਸਾ, ਨਗਰ ਕੌਂਸਲਰ, ਵਾਰਡ ਨੰਬਰ 25 ਨੇ ਦਸਿਆ ਕਿ ਅਮਰੀਕ ਸਿੰਘ ਰੋਡ ਤੇ ਲੁੱਕ ਤਾਂ ਪਾ ਦਿੱਤੀ ਗਈ ਹੈ, ਪਰੰਤੂ ਸਾਈਡਾਂ ਤੇ ਮਿੱਟੀ ਪਈ ਹੈ। ਉਹਨਾਂ ਜਲਦ ਤੋਂ ਜਲਦ ਮਿੱਟੀ ਚੁਕਾਉਣ ਅਤੇ

ਇਸ ਥਾਂ ਨੂੰ ਪੱਕਾ ਕਰਨ ਦੀ ਮੰਗ ਕੀਤੀ। ਉਹਨਾਂ ਆਪਣੇ ਵਾਰਡ ਵਿੱਚ ਨਿਗਮ ਵੱਲੋਂ ਕੀਤੇ ਕੰਮਾਂ ਲਈ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ।

ਸ਼੍ਰੀਮਤੀ ਨੀਲਮ ਰਾਣੀ ਜਿੰਦਲ, ਨਗਰ ਕੋਂਸਲਰ, ਵਾਰਡ ਨੰਬਰ 28 ਨੇ ਮੰਗ ਕੀਤੀ ਕਿ ਉਹਨਾਂ ਦਾ ਵਾਰਡ ਸਾਰੇ ਸ਼ਹਿਰ ਤੋਂ ਉੱਚਾ ਹੈ। ਇਸ ਵਿੱਚ ਪੀਣ ਵਾਲੇ ਪਾਣੀ ਦੀ ਹਮੇਸ਼ਾ ਹੀ ਕਮੀ ਰਹਿੰਦੀ ਹੈ। ਉਹਨਾਂ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਬਣਦੇ ਯਤਨ ਕੀਤੇ ਜਾਣ। ਉਹਨਾਂ ਇਹ ਵੀ ਕਿਹਾ ਕਿ ਸ਼ਾਸਤਰੀ ਮਾਰਕੀਟ ਵਿਖੇ ਬਾਥਰੂਮ ਬਨਾਉਣ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕੀਤਾ ਜਾਵੇ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਸਬੰਧੀ ਬਣਦੀ ਕਾਰਵਾਈ ਜਲਦ ਤੋਂ ਜਲਦ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਸ਼ਾਮ ਲਾਲ ਜੈਨ, ਨਗਰ ਕੋਂਸਲਰ ਨੇ ਹਾਜੀ ਰਤਨ ਚੋਂਕ ਵਿੱਚ ਪਾਈਪ ਪਾਉਣ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਮੰਗ ਕੀਤੀ ਕਿ ਰਹਿੰਦੇ ਕੂਨੈਕਸ਼ਨ ਜਲਦ ਤੋਂ ਜਲਦ ਕਰਵਾਏ ਜਾਣ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੀ ਘੁਮਿਆਰਾਂ ਵਾਲੀ ਗਲੀ ਵਿੱਚ ਪਾਣੀ ਨਾ ਆਉਣ ਕਰਕੇ ਲੋਕਾਂ ਨੂੰ ਬਹੁਤ ਦਿੱਕਤ ਆ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਹਾਜੀ ਰਤਨ ਚੋਂਕ ਵਿੱਚ ਚਾਰ-ਚੁਫੇਰਿਉਂ ਰਸਤੇ ਲਗਦੇ ਹਨ। ਇਸ ਜਗ੍ਹਾ ਹਰ ਸਮੇਂ ਕੋਈ ਨਾ ਕੋਈ ਐਕਸੀਡੈਂਟ ਹੁੰਦੇ ਰਹਿੰਦੇ ਹਨ। ਇਸ ਲਈ ਯੋਗ ਹੋਵੇਗਾ ਕਿ ਹਾਊਸ ਦੀ ਮੀਟਿੰਗ ਮਿਤੀ 08.08.2016 ਦੇ ਮਤਾ ਨੰਬਰ 32 ਰਾਹੀਂ ਪਾਸ ਕੀਤੇ ਅਨੁਸਾਰ ਪਾਰਕ ਨੂੰ ਛੋਟਾ ਕਰਕੇ ਚੋਂਕ ਬਨਾਉਣ ਵਾਲੀ ਏਜੰਸੀ ਪਾਸੋਂ ਡਿਜ਼ਾਇਨ ਕਰਵਾਉਣ ਉਪਰੰਤ ਚੋਂਕ ਬਨਾਉਣ ਦੀ ਕਾਰਵਾਈ ਜਲਦ ਤੋਂ ਜਲਦ ਅਮਲ ਵਿੱਚ ਲਿਆਂਦੀ ਜਾਵੇ। ਇਸਤੇ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਸੁਖਦੇਵ ਸਿੰਘ ਬਰਾੜ੍ਹ ਨੇ ਕਿਹਾ ਕਿ ਬੀਬੀ ਵਾਲਾ ਰੋਡ ਤੇ ਸੀਵਰ ਪੈਣ ਤੇ ਉਹਨਾਂ ਦੇ ਵਾਰਡ ਵਿੱਚ ਜਾਣ ਵਾਲਾ ਰਸਤਾ ਬੰਦ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਆ ਰਹੀਆਂ ਹਨ। ਉਹਨਾਂ ਜਲਦ ਤੋਂ ਜਲਦ ਰਸਤਾ ਖੁਲਵਾਉਣ ਦੀ ਮੰਗ ਕੀਤੀ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਨਗਰ ਕੋਂਸਲਰ ਨੇ ਕਿਹਾ ਕਿ ਸਫਾਈ ਦਾ ਬਹੁਤ ਜਿਆਦਾ ਮੰਦਾ ਹਾਲ ਹੈ। ਉਹਨਾਂ ਆਪਣੇ ਇਲਾਕੇ ਵਿੱਚੋਂ ਸਫਾਈ ਸੇਵਕ ਕੱਢ ਕੇ ਕਿਸੇ ਹੋਰ ਇਲਾਕੇ ਵਿੱਚ ਭੇਜਣ ਤੇ ਰੋਸ ਜਾਹਰ ਕੀਤਾ। ਉਹਨਾਂ ਇਹ ਵੀ ਕਿਹਾ ਕਿ ਅਸੀ ਹਾਜ਼ਰੀ ਚੈਕ ਨਹੀਂ ਕਰਨੀ। ਉਹਨਾਂ ਇਹ ਵੀ ਕਿਹਾ ਕਿ ਸਫਾਈ ਸੇਵਕਾਂ ਵੱਲੋਂ ਕੰਮ ਕਰਨਾ ਯਕੀਨੀ ਬਣਾਇਆ ਜਾਵੇ। ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਨਗਰ ਕੋਂਸਲਰ ਨੇ ਇਹ ਵੀ ਦਸਿਆ ਕਿ ਤਿੰਨ-ਤਿੰਨ ਦਿਨ ਸਫਾਈ ਸੇਵਕ ਏਰੀਏ ਵਿੱਚ ਨਹੀਂ ਆਉਂਦੇ। ਸ਼੍ਰੀ ਜਗਰੂਪ ਸਿੰਘ ਗਿੱਲ, ਨਗਰ ਕੋਂਸਲਰ ਨੇ ਕਿਹਾ ਕਿ ਸਾਡੇ ਕੋਲ ਰੈਗੂਲਰ ਸਫਾਈ ਕਰਮਚਾਰੀਆਂ ਤੋਂ ਇਲਾਵਾ ਆਉਟਸੋਰਸ ਅਤੇ ਠੇਕੇ ਤੇ ਵੀ ਸਫਾਈ ਕਰਮਚਾਰੀ ਰੱਖੇ ਹੋਏ ਹਨ। ਇਸਤੋਂ ਇਲਾਵਾ ਸ਼ਹਿਰ ਦੀਆਂ ਮੇਨ ਰੋਡਜ਼ ਨੂੰ ਸੱਕਿੰਗ ਮਸ਼ੀਨ ਨਾਲ ਸਾਫ ਕੀਤਾ ਜਾਂਦਾ ਹੈ। ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਨਗਰ ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਸਾਰੀਆ ਰੋਡ ਜਾਲੀਆਂ ਭਰੀਆਂ ਹੋਈਆਂ ਹਨ। ਸੈਨਟਰੀ ਇੰਸਪੈਕਟਰ ਕਹਿੰਦੇ ਹਨ ਕਿ ਕੰਮ ਤ੍ਰਿਵੇਣੀ ਵੱਲੋਂ ਕੀਤਾ ਜਾਵੇਗਾ, ਜਦਕਿ ਤ੍ਰਿਵੇਣੀ ਵਾਲੇ ਕੰਮ ਨਹੀਂ ਕਰਦੇ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਹੁਣ ਤੱਕ ਸਫਾਈ ਦੇ ਕੰਮ ਦੀ ਦੇਖਰੇਖ ਸ਼੍ਰੀ ਕਮਲ ਕਾਂਤ ਗੋਇਲ, ਸੰਯੁਕਤ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੀ ਨਿਗਰਾਨੀ ਹੇਠ ਕੀਤੀ ਜਾ ਰਹੀ ਸੀ। ਹੁਣ ਉਹਨਾਂ ਦੀ ਰਿਟਾਇਰਮੈਂਟ ਹੋ ਚੁੱਕੀ ਹੈ। ਇਸਤੋਂ ਇਲਾਵਾ ਨਗਰ ਨਿਗਮ ਦੇ ਸਿਹਤ ਅਫਸਰ ਦੀ ਵੀ ਰਿਟਾਇਰਮੈਂਟ ਹੋਣ ਨਾਲ ਸਫਾਈ ਦੇ ਕੰਮ ਤੇ ਅਸਰ ਪੈ ਰਿਹਾ ਹੈ। ਉਹਨਾਂ ਹਦਾਇਤ ਕੀਤੀ ਕਿ ਸਫਾਈ ਸਬੰਧੀ ਸਾਰੇ ਕੰਮ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਦੇਖੇ ਜਾਣਗੇ। ਕਮਿਸ਼ਨਰ ਸਾਹਿਬ ਵੱਲੋਂ ਸਾਰੇ ਪੱਖ ਘੋਖਣ ਤੋਂ ਬਾਅਦ ਸਫਾਈ ਦਾ ਕੰਮ ਕਰਵਾਇਆ ਜਾਵੇ।

ਸ਼੍ਰੀ ਗੁਰਸੇਵਕ ਸਿੰਘ ਮਾਨ, ਨਗਰ ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵਾਟਰ ਸਪਲਾਈ ਦੀ ਬਹੁਤ ਜਿਆਦਾ ਸਮੱਸਿਆ ਹੈ। ਕਈ ਛੋਟੇ-ਛੋਟੇ ਕੰਮ ਹੋਣ ਵਾਲੇ ਹਨ। ਪਰੰਤੂ ਕਿਸੇ ਵੱਲੋਂ ਵੀ ਸੁਣਵਾਈ ਨਹੀਂ ਕੀਤੀ ਜਾ ਰਹੀ। ਕਈ ਥਾਂਈਂ ਪਾਈਪਾਂ ਜੁੜ੍ਹਨ ਵਾਲੀਆਂ ਹਨ ਅਤੇ ਕਈ ਹੋਰ ਛੋਟੇ-ਛੋਟੇ ਕੰਮ ਹੋਣ ਵਾਲੇ ਹਨ। ਉਹਨਾਂ ਜਲਦ ਤੋਂ ਜਲਦ ਇਹ ਛੋਟੇ-ਛੋਟੇ ਹੋਣ ਵਾਲੇ ਕੰਮ ਕਰਵਾਉਣ ਦੀ ਮੰਗ ਕੀਤੀ।

ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਵਾਰਡਾਂ ਆ ਰਹੀਆ ਸਮੱਸਿਆਂਵਾਂ ਨੂੰ ਜਲਦ ਤੋਂ ਜਲਦ ਦੂਰ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਏਜੰਡਾ ਨੰ: 6

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੇ ਟੈਲੀਫੋਨ ਰਾਹੀਂ ਹੁਕਮ ਕੀਤਾ ਹੈ ਕਿ ਗਊਸ਼ਾਲਾ ਹਰਰਾਏਪੁਰ ਵਿਖੇ ਉਸਾਰੀ ਅਧੀਨ ਗਊਸ਼ਾਲਾ ਲਈ 40.00 ਲੱਖ ਰੁਪਏ ਭੇਜੇ ਜਾਣ। ਇਸ ਲਈ ਕਾਊ ਸੈਸ ਫੰਡ ਵਿੱਚੋਂ 40.00 ਲੱਖ ਰੁਪਏ ਹਰਰਾਏਪੁਰ ਵਿਖੇ ਉਸਾਰੀ ਅਧੀਨ ਗਊਸ਼ਾਲਾ ਲਈ ਅਦਾ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 48: ਪ੍ਰਵਾਨ ਹੈ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਸ਼੍ਰੀ ਹਰਪਾਲ ਸਿੰਘ ਢਿੱਲੋਂ, ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਸ਼੍ਰੀ ਪ੍ਰਦੀਪ ਕੁਮਾਰ ਗੋਇਲ, ਸ਼੍ਰੀ ਸੁਖਦੇਵ ਸਿੰਘ ਬਰਾੜ ਅਤੇ ਹੋਰ ਨਗਰ ਕੋਂਸਲਰ ਸਾਹਿਬਾਨ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਬਹੁਤ ਜਿਆਦਾ ਆਵਾਰਾ ਪਸ਼ੂ ਘੁਮ ਰਹੇ ਹਨ। ਉਹਨਾਂ ਜਲਦ ਤੋਂ ਜਲਦ ਆਵਾਰਾ ਪਸ਼ੂ ਫੜ੍ਹਨ ਦੀ ਮੰਗ ਕੀਤੀ। ਸ਼੍ਰੀ ਪ੍ਰਦੀਪ ਗੋਇਲ, ਨਗਰ ਕੋਂਸਲਰ ਨੇ ਹੁਣ ਤੱਕ ਗਊਸ਼ਾਲਾ ਦੀ ਹੋਈ ਉਸਾਰੀ ਬਾਰੇ ਪੁੱਛਿਆ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਇਸ ਗਊਸ਼ਾਲਾ ਦੀ ਉਸਾਰੀ ਤਕਰੀਬਨ ਪੌਣੇ ਪੰਦਰਾ ਕਿੱਲੇ ਵਿੱਚ ਹੋ ਰਹੀ ਹੈ। ਹੁਣ ਤੱਕ ਸਾਢੇ ਅੱਠ ਕਿੱਲਿਆਂ ਵਿੱਚ ਚਾਰਦੀਵਾਰੀ ਹੋ ਚੁੱਕੀ ਹੈ ਅਤੇ 2 ਸ਼ੈਡ ਬਣਾਏ ਜਾ ਚੁੱਕੇ ਹਨ। ਇੱਕ ਸ਼ੈਡ ਵਿੱਚ ਤਕਰੀਬਨ 250 ਪਸ਼ੂ ਆਉਂਦੇ ਹਨ। ਹੁਣ ਤੱਕ 338 ਪਸ਼ੂ ਛੱਡੇ ਜਾ ਚੁੱਕੇ ਹਨ। ਹੁਣ ਇੱਕ ਸ਼ੈਡ ਦੀ ਹੋਰ ਉਸਾਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਫੰਡਜ਼ ਲੋੜੀਂਦੇ ਹਨ। ਮੇਅਰ ਸਾਹਿਬ ਨੇ ਪ੍ਰੈਸ ਨੂੰ ਵੀ ਬੇਨਤੀ ਕੀਤੀ ਕਿ ਇਹ ਘੋਖਿਆ ਜਾਵੇ ਕਿ ਪੰਜਾਬ ਵਿੱਚ ਇਸਤੋਂ ਸਸਤੀ ਗਊਸ਼ਾਲਾ ਹੈ ਤਾਂ ਦਸਿਆ ਜਾਵੇ? ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸ਼ਹਿਰ ਵਿੱਚੋਂ 200 ਆਵਾਰਾ ਪਸ਼ੂ 100 ਲਾਇਨੋਪਾਰ ਅਤੇ 100 ਸ਼ਹਿਰ ਵਿੱਚੋਂ ਫੜ੍ਹ ਕੇ ਗਊਸ਼ਾਲਾ ਵਿੱਚ ਛੱਡੇ ਜਾਣ। ਉਹਨਾਂ ਇਹ ਵੀ ਕਿਹਾ ਕਿ ਜਿਸ ਵੀ ਏਰੀਏ ਵਿੱਚੋਂ ਪਸ਼ੂ ਫੜ੍ਹੇ ਜਾਣ, ਉਸ ਏਰੀਏ ਦੇ ਸਬੰਧਤ ਨਗਰ ਕੋਂਸਲਰ ਜਾਂ ਪਤਵੰਤੇ ਸੱਜਣ ਪਾਸੋਂ ਤਸਦੀਕ ਕਰਵਾਇਆ ਜਾਵੇ। ਸ਼੍ਰੀ ਸੁਖਦੇਵ ਸਿੰਘ ਬਰਾੜ੍ਹ, ਨਗਰ ਕੋਂਸਲਰ ਨੇ ਕਿਹਾ ਕਿ ਬਰਨਾਲਾ ਬਾਈ ਪਾਸ ਰੋਡ ਤੇ ਬਹੁਤ ਜਿਆਦਾ ਆਵਾਰਾ ਪਸ਼ੂ ਹੋਣ ਕਾਰਨ ਪਹਿਲਾਂ ਇਸ ਜਗ੍ਹਾ ਤੋਂ ਪਸ਼ੂ ਫੜ੍ਹਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੋਂਸਲਰ ਨੇ ਕਿਹਾ ਕਿ ਉਕਤ ਗਊਸ਼ਾਲਾ ਵਿੱਚ ਬਾਹਰ ਤੋਂ ਪਸ਼ੂ ਨਾ ਲਿਆਂਦੇ ਜਾਣ।

ਏਜੰਡਾ ਨੰ: 7

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਨੰਦੀ ਫਾਊਡੇਸ਼ਨ ਨੂੰ ਵਰਕ ਆਰਡਰ ਨੰ: 251/ਵ ਮਿਤੀ 03.08.2008 ਅਤੇ ਮੈਸ ਫਾਰਚੂਨ ਇਲੈਕਟਰੋ ਇੰਡੀਆ ਨੂੰ ਵਰਕ ਆਰਡਰ ਨੰ: 84/ਵ ਮਿਤੀ 13.02.2009 ਰਾਹੀਂ ਸ਼ਹਿਰ ਵਿੱਚ ਆਰ.ਓ. ਲਗਾਉਣ ਦਾ ਕੰਮ ਅਲਾਟ ਕੀਤਾ ਗਿਆ ਸੀ। ਇਹਨਾਂ ਆਰ.ਓ. ਦੇ ਰੱਖ ਰਖਾਵ ਦਾ ਕੰਮ 7 ਸਾਲ ਦੇ ਸਮੇਂ ਲਈ ਇਹਨਾਂ ਕੰਪਨੀਆਂ ਵੱਲੋਂ ਹੀ ਕੀਤਾ ਜਾਣਾ ਸੀ। ਇਹ ਕੰਪਨੀਆਂ ਲੋਕਾਂ ਨੂੰ 2.50 ਰੁਪਏ ਪ੍ਰਤੀ 20 ਲੀਟਰ ਦੇ ਹਿਸਾਬ ਨਾਲ ਪਾਣੀ ਵੇਚਦੀਆਂ ਹਨ ਅਤੇ ਇਸ ਦੇ ਬਦਲੇ ਆਰ.ਓ. ਪਲਾਟ ਦਾ ਹਰ ਕਿਸਮ ਦਾ ਰੱਖ ਰਖਾਵ, ਬਿਜਲੀ ਦਾ ਬਿਲ ਅਤੇ ਆਰ.ਓ. ਪਲਾਟ ਵਿਖੇ ਕੰਮ ਕਰਦੇ ਮੁਲਾਜਮਾਂ ਦੀ ਤਨਖਾਹ ਇਹ ਕੰਪਨੀਆਂ ਵੱਲੋਂ ਦਿੱਤੀ ਜਾਣੀ ਹੈ। ਇਹਨਾਂ ਫਰਮਾਂ ਵੱਲੋਂ ਹੀ ਸਮੇਂ-ਸਮੇਂ ਸਿਰ ਪਾਣੀ ਦੇ ਸੈਂਪਲ ਦੀ ਆਪਣੇ ਤੌਰ ਤੇ ਚੈਕ ਕਰਵਾਏ ਜਾਂਦੇ ਹਨ। ਉਪਰੋਕਤ ਆਰ.ਓ. ਪਲਾਟਾਂ ਦੀ ਪਬਲਿਕ ਵੱਲੋ ਸਰਾਹਨਾ ਕੀਤੀ ਜਾ ਰਹੀ ਹੈ ਅਤੇ ਕੋਈ ਸ਼ਿਕਾਇਤ ਨਹੀਂ ਹੈ। ਲੋਕਾਂ ਨੂੰ ਸੁਧ ਪਾਣੀ ਸਪਲਾਈ ਹੋ ਰਿਹਾ ਹੈ।

ਨੰਦੀ ਫਾਊਡੇਸ਼ਨ ਨੇ ਪਹਿਲਾਂ ਆਰ.ਓ. ਮਿਤੀ 01-03-2009 ਨੂੰ ਚਾਲੂ ਕੀਤਾ ਸੀ ਅਤੇ ਆਖਰੀ ਆਰ.ਓ. ਮਿਤੀ 16.05.2009 ਨੂੰ ਚਾਲੂ ਕੀਤਾ ਸੀ। ਇਸੇ ਤਰ੍ਹਾਂ ਮੈਸ: ਫਾਰਚੂਨ ਇਲੈਕਟਰੋ ਇੰਡੀਆ ਵੱਲੋਂ ਪਹਿਲਾਂ ਆਰ.ਓ. ਮਿਤੀ 10.06.2009 ਨੂੰ ਅਤੇ ਆਖਰੀ ਆਰ.ਓ. ਮਿਤੀ 19.12.11 ਨੂੰ ਚਾਲੂ ਕੀਤਾ ਗਿਆ ਸੀ। ਹਊਸ ਵੱਲੋਂ ਮਤਾ ਨੰ: 10 ਮਿਤੀ 27-05-2016 ਰਾਹੀਂ ਜਿਨ੍ਹਾਂ ਆਰ.ਓਜ. ਦਾ ਮਿਤੀ 31-12-2016 ਤੱਕ ਟਾਇਮ ਪੀਰੀਅਡ ਪੂਰਾ ਹੁੰਦਾ ਸੀ ਉਹਨਾਂ ਸਾਰੇ ਆਰ.ਓਜ਼. ਦੀ ਮਿਆਦ 31-12-2016 ਤੱਕ ਵਧਾਈ ਸੀ। ਇਸ ਤਰ੍ਹਾਂ ਨੰਦੀ ਫਾਊਡੇਸ਼ਨ ਵੱਲੋਂ ਲਗਾਏ ਅੱਠ ਆਰ.ਓਜ. ਅਤੇ ਮੈਸ: ਫਾਰਚੂਨ ਇਲੈਕਟਰੋ ਇੰਡੀਆਂ ਵੱਲੋਂ ਲਗਾਏ 15 ਆਰ.ਓਜ. ਦਾ ਸਮਾਂ ਮਿਤੀ 31-12-2016 ਤੋਂ ਪੂਰਾ ਹੋ ਰਿਹਾ ਹੈ। ਜਦ ਕਿ ਫਾਰਚੂਨ ਇਲੈਕਟਰੋ ਇੰਡੀਆਂ ਵੱਲੋ ਲਗਾਏ 25 ਆਰ.ਓ. ਦਾ ਸਮਾਂ ਜਨਵਰੀ 17 ਤੋਂ ਦਸੰਬਰ 18 ਵਿੱਚ ਵੱਖ-ਵੱਖ ਮਿਤੀਆਂ ਨੂੰ ਪੂਰਾ ਹੋਵੇਗਾ। ਫਾਰਚੂਨ ਇਲੈਕਟਰੋ ਇੰਡੀਆਂ ਸਾਰੇ 48 ਆਰ.ਓ. ਦਾ ਕੰਮ ਮਿਤੀ 31-03-2019 ਤੱਕ ਕਰਨ ਨੂੰ ਤਿਆਰ ਹੈ। ਸ਼ਾਖਾ ਦੀ ਰਿਪੋਰਟ ਅਨੁਸਾਰ ਵੱਖ ਵੱਖ ਮਿਤੀਆਂ ਨੂੰ ਮਿਆਦ ਪੂਰੀ ਕਰ ਰਹੇ ਆਰ.ਓਜ਼. ਦੇ ਸਮੇ ਵਿੱਚ ਇੱਕਸਾਰਤਾ ਲਿਆਉਣ ਲਈ ਸਾਰੇ 48 ਆਰ.ਓਜ਼. ਦੀ ਸਾਂਭ ਸੰਭਾਲ ਦਾ ਕੰਮ ਮਿਤੀ 31-12-18 ਤੱਕ ਪਹਿਲਾਂ ਵਾਲੀਆਂ ਸ਼ਰਤਾ ਤੇ ਹੀ ਮੈਸ: ਫਾਰਚੂਨ ਇਲੈਕਟਰੋ ਇੰਡੀਆ ਦੇ ਦਿੱਤਾ ਜਾਣਾ ਚਾਹੀਦਾ ਹੈ। ਇਥੇ ਇਹ ਦੱਸਣ ਦੀ ਉਚਿਤ ਹੋਵੇਗਾ ਕਿ ਨਗਰ ਨਿਗਮ ਵੱਲੋ ਇਹਨਾਂ ਆਰ.ਓ. ਦੀ ਸਾਂਭ ਸੰਭਾਲ ਲਈ ਕੋਈ ਖਰਚ ਨਹੀ ਕੀਤਾ ਜਾਂਦਾ। ਇਸ ਲਈ 23 ਆਰ.ਓਜ਼. ਜਿਨ੍ਹਾਂ ਦਾ ਸਮਾਂ ਮਿਤੀ 31-12-16 ਨੂੰ ਪੂਰਾ ਹੋ ਰਿਹਾ ਹੈ ਅਤੇ 25 ਆਰ.ਓਜ਼. ਜਿਨ੍ਹਾਂ ਦਾ ਸਮਾਂ ਜਨਵਰੀ 2017 ਤੋਂ ਦਿਸੰਬਰ 2018 ਵਿੱਚ ਵੱਖ ਵੱਖ ਮਿਤੀਆਂ ਨੂੰ ਪੂਰਾ ਹੋਵੇਗਾਂ ਦੀ ਸਾਂਭ ਸੰਭਾਲ ਸਬੰਧੀ ਉਚਿਤ ਫੈਸਲਾ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਪ੍ਰਦੀਪ ਗੋਇਲ, ਨਗਰ ਕੋਂਸਲਰ ਨੇ ਕਿਹਾ ਕਿ ਆਰ.ਓਜ਼ ਤੇ ਰੱਖੇ ਕਰਮਚਾਰੀਆਂ ਨੂੰ ਤਨਖਾਹ ਡੀ.ਸੀ. ਰੇਟਾਂ ਤੇ ਦਿੱਤੀ ਜਾਵੇ ਅਤੇ ਲੇਬਰ ਲਾਅ ਐਕਟ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸਤੋਂ ਇਲਾਵਾ **WHO** ਦੇ ਨਾਰਮਜ਼ ਮੁਤਾਬਿਕ ਪਾਣੀ ਦੀ ਟੈਸਟਿੰਗ ਕਰਾਉਣੀ ਯਕੀਨੀ ਬਣਾਈ ਜਾਵੇ। ਸਾਰੇ ਆਰ.ਓਜ਼ ਦੇ ਕਮਰੇ ਰੰਗ ਕਰਵਾਏ ਜਾਣ। ਇਹਨਾਂ ਦੀ ਦਿੱਖ ਠੀਕ ਕਰਾਈ ਜਾਵੇ ਅਤੇ ਸਫਾਈ ਦਾ ਉਚਿਤ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।

ਮਤਾ ਨੰਬਰ 49: ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਲੇਬਰ ਲਾਅ ਐਕਟ ਦੀ ਪਾਲਨਾ ਅਤੇ **WHO** ਦੇ ਨਾਰਮਜ਼ ਮੁਤਾਬਿਕ ਪਾਣੀ ਦੀ ਟੈਸਟਿੰਗ ਕਰਾਉਣੀ ਯਕੀਨੀ ਬਣਾਈ ਜਾਵੇ। ਇਸਤੋਂ ਇਲਾਵਾ ਹਰੇਕ ਆਰ.ਓ ਵਾਲੇ ਕਮਰੇ ਨੂੰ ਰੰਗ ਰੋਗਨ ਕਰਵਾਉਣ ਅਤੇ ਸਫਾਈ ਨੂੰ ਯਕੀਨੀ ਬਨਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

**ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਜੇ.ਸੀ.ਬੀ. ਮਸ਼ੀਨ ਤੇ ਲਗਿਆ ਡਰਾਈਵਰ ਬਹੁਤ ਜਿਆਦਾ ਮਿਹਨਤੀ ਹੈ। ਇਸ ਲਈ ਉਸਨੂੰ ਪੱਕਾ ਕੀਤਾ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟਾਈ ਗਈ।**

**ਸ਼੍ਰੀ ਪ੍ਰਦੀਪ ਗੋਇਲ, ਨਗਰ ਕੌਂਸਲਰ ਨੇ ਮੰਗ ਕੀਤੀ ਕਿ ਪਰਸ ਰਾਮ ਨਗਰ, ਪ੍ਰਤਾਪ ਨਗਰ, ਗੁਰੂਕੁੱਲ ਰੋਡ ਅਤੇ ਜੋਗੀ ਨਗਰ ਆਦਿ ਨੂੰ ਜਾਣ ਲਈ ਬਣਾਏ ਅੰਡਰ ਬਰਿਜ ਅਤੇ ਓਵਰ ਬਰਿਜ ਤੇ ਸੜ੍ਹਕ ਬਹੁਤ ਜਿਆਦਾ ਖਰਾਬ ਹੈ। ਉਹਨਾਂ ਜਲਦ ਤੋਂ ਜਲਦ ਇਸ ਸੜ੍ਹਕ ਨੂੰ ਬਨਾਉਣ ਦੀ ਮੰਗ ਕੀਤੀ।**

**<u>ਏਜੰਡਾ ਨੰ: 8</u>**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਭਾਰਤ ਸਰਕਾਰ ਪਾਸੋਂ ਸਵੱਛ ਭਾਰਤ ਮਿਸ਼ਨ ਅਧੀਨ ਉਪਲਬੱਧ ਕਰਵਾਏ ਫੰਡਾਂ ਵਿੱਚੋਂ ਇੱਕ ਜੇ.ਸੀ.ਬੀ. ਮਸ਼ੀਨ ਦੀ ਖਰੀਦ ਕੀਤੀ ਗਈ ਹੈ। ਇਹ ਮਸ਼ੀਨ ਚਲਾਉਣ ਲਈ 1 ਜੇ.ਸੀ.ਬੀ. ਮਸ਼ੀਨ ਆਪਰੇਟਰ ਅਤੇ 1 ਹੈਲਪਰ ਰੱਖਣ ਦੀ ਲੋੜ੍ਹ ਹੈ, ਜਿਸਤੇ ਲਗਭਗ 2,40,000/- ਰੁਪਏ ਸਲਾਨਾ ਖਰਚ ਆਉਣ ਦੀ ਸੰਭਾਵਨਾਂ ਹੈ। ਇਹ ਕਰਮਚਾਰੀ ਸਰਵਿਸ ਪ੍ਰੋਵਾਇਡਰ ਤੋਂ ਲੈ ਕੇ ਡੀ.ਸੀ. ਰੇਟ ਤੇ ਰੱਖਣ ਲਈ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 50:** **ਪ੍ਰਵਾਨ ਹੈ।**

**<u>ਏਜੰਡਾ ਨੰ: 9</u>**

ਰਿਪੋਰਟ ਸਿਹਤ ਸ਼ਾਖਾ ਕਿ ਸਵੱਛ ਭਾਰਤ ਮਿਸ਼ਨ ਤਹਿਤ ਸਵੱਛਤਾ ਸਰਵੇਖਣ ਜਨਵਰੀ 2017 ਤੋਂ ਸ਼ੁਰੂ ਹੋਣ ਵਾਲਾ ਹੈ। ਸ਼ਹਿਰ ਵਿੱਚ ਸਫਾਈ ਰੱਖਣ ਲਈ ਭਾਰਤ ਸਰਕਾਰ ਵੱਲੋਂ ਸਵੱਛਤਾ ਮੋਬਾਇਲ ਐਪਲੀਕੇਸ਼ਨ ਜਾਰੀ ਕੀਤੀ ਗਈ ਹੈ ਅਤੇ ਨਗਰ ਨਿਗਮ ਬਠਿੰਡਾ ਵੱਲੋਂ ਵੀ ਇੱਕ ਈ-ਨਾਗਰਿਕ ਨਾਮ ਦੀ ਮੋਬਾਇਲ ਐਪਲੀਕੇਸ਼ਨ ਜਾਰੀ ਕੀਤੀ ਜਾ ਰਹੀ ਹੈ। ਇਹਨਾਂ ਮੋਬਾਇਲ ਐਪਲੀਕੇਸ਼ਨਾਂ ਨੂੰ ਜਾਰੀ ਕਰਨ ਦਾ ਮੰਤਵ ਇਹ ਹੈ ਕਿ ਜਨਤਾ ਜਿੱਥੇ ਕਿੱਥੇ ਵੀ ਕਿਸੇ ਸਮੇਂ ਵੀ ਕੂੜਾ ਜਾਂ ਗੰਦਗੀ ਦੇਖਦੀ ਹੈ ਤਾਂ ਉਹ ਨਗਰ ਨਿਗਮ ਪਾਸ ਮੋਬਾਇਲ ਐਪਲੀਕੇਸ਼ਨ ਰਾਹੀਂ ਸੁਚਿਤ ਕਰ ਸਕਦੀ ਹੈ। ਜਿਸ ਤੇ ਨਗਰ ਨਿਗਮ ਸਟਾਫ ਵੱਲੋਂ ਤੁਰੰਤ ਕਾਰਵਾਈ ਕਰਨ ਉਪਰੰਤ ਉਕਤ ਸਾਈਟ ਤੇ ਫੋਟੋ ਮੁੜ੍ਹ ਤੋਂ ਸੁਚਿਤ ਕਰਨ ਵਾਲੇ ਨੂੰ ਜਾਂ MoUD ਨੂੰ ਭੇਜੇ ਜਾਣਗੇ। ਸੋ ਉਕਤ ਕਾਰਵਾਈ ਕਰਨ ਲਈ ਨਗਰ ਨਿਗਮ ਬਠਿੰਡਾ ਨੂੰ ਭਾਰਤ ਸਰਕਾਰ ਪਾਸੋਂ ਸਵੱਛ ਭਾਰਤ ਮਿਸ਼ਨ ਅਧੀਨ ਮਸ਼ੀਨਰੀ ਖਰੀਦ ਕਰਨ ਲਈ ਪੈਸੇ ਉਪਲੱਬਧ ਕਰਵਾਏ ਗਏ ਸਨ। ਉਹਨਾਂ ਵਿੱਚੋਂ 3 ਨਵੇਂ ਟ੍ਰੈਕਟਰ ਟਰਾਲੀਆਂ ਅਤੇ ਇੱਕ ਜੇ.ਸੀ.ਬੀ. ਮਸ਼ੀਨ ਖਰੀਦ ਕੀਤੀ ਗਈ ਹੈ। ਹੁਣ ਇਹਨਾਂ ਟ੍ਰੈਕਟਰ ਟਰਾਲੀਆਂ ਲਈ ਸਫਾਈ ਕਰਮਚਾਰੀ ਰੱਖਣੇ ਜਰੂਰੀ ਹਨ ਤਾਂ ਜੋ ਮੋਬਾਇਲ ਐਪਲੀਕੇਸ਼ਨਾਂ ਤੇ ਆਉਣ ਵਾਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਕੀਤਾ ਜਾ ਸਕੇ। ਇਹਨਾਂ ਟ੍ਰੈਕਟਰ ਟਰਾਲੀਆਂ ਲਈ 12 ਮੁਲਾਜਮਾਂ ਨੂੰ ਰੱਖਣ ਤੇ ਇੱਕ ਸਾਲ ਦਾ 14,40,000/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਹ ਮੁਲਾਜ਼ਮ ਸਰਵਿਸ ਪ੍ਰੋਵਾਈਡਰ ਵੱਲੋਂ ਨਗਰ ਨਿਗਮ ਨੂੰ ਡੀ.ਸੀ. ਰੇਟ ਤੇ ਉਪਲਬੱਧ ਕਰਵਾਏ ਜਾਣਗੇ। ਉਕਤ ਮੁਤਾਬਿਕ ਸਫਾਈ ਕਰਮਚਾਰੀਆਂ ਨੂੰ ਆਊਟ ਸੋਰਸਿੰਗ ਰਾਹੀਂ ਰੱਖਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 51:** **ਪ੍ਰਵਾਨ ਹੈ।**

**<u>ਏਜੰਡਾ ਨੰ: 10</u>**

ਰਿਪੋਰਟ ਲੇਖਾ ਸ਼ਾਖਾ ਕਿ ਪੰਜਾਬ ਗੌਰਮਿੰਟ ਇੰਪਲਾਈਜ਼ ਐਂਡ ਪੈਨਸ਼ਨਰ ਹੈਲਥ ਇੰਸ਼ੋਰੈਂਸ ਸਕੀਮ ਪੰਜਾਬ ਦੇ ਮਿਊਂਸਪਲ ਇੰਪਲਾਈਜ਼ ਐਂਡ ਪੈਨਸ਼ਨਰਜ਼ ਤੇ ਲਾਗੂ ਕਰਨ ਖਾਤਰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਮੀਮੋ ਨੰਬਰ ਲੇਖਾ-6-ਓੁਕਵਲ-ਡਸਸ-16/46782-797 ਮਿਤੀ 16.09.2016 ਸਬੰਧੀ ਸਰਕਾਰ ਵੱਲੋਂ ਸੁਚਿਤ ਕੀਤਾ ਗਿਆ ਹੈ ਕਿ ਸਥਾਨਕ ਸਰਕਾਰ ਵਿਭਾਗ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਤੇ ਕੇਸ਼ਲੈਸ ਇੰਸ਼ੋਰੈਂਸ ਸਕੀਮ ਲਾਗੂ ਕਰਨ ਲਈ ਸਹਿਮਤੀ ਦੀ ਮੰਗ ਕੀਤੀ ਹੈ। ਉਹਨਾਂ ਵੱਲੋਂ ਸੁਚਿਤ ਕੀਤਾ ਗਿਆ ਹੈ ਕਿ ਇਸ ਤੇ ਪ੍ਰਤੀ ਕਰਮਚਾਰੀ/ਪੈਨਸ਼ਨਰ 2500/- ਰੁਪਏ ਬਤੌਰ ਪ੍ਰੀਮਿਅਮ ਅਦਾ ਕਰਨੇ ਪੈਣਗੇ। ਇਹ ਖਰਚਾ ਐਡਵਾਂਸ ਵਿੱਚ ਹੋਵੇਗਾ। ਨਗਰ ਨਿਗਮ ਬਠਿੰਡਾ ਵਿਖੇ ਇਸ ਸਮੇਂ ਤਕਰੀਬਨ 1000 ਕਰਮਚਾਰੀ ਅਤੇ 250 ਪੈਨਸ਼ਨਰ ਹਨ। ਇਸ ਤਰ੍ਹਾਂ ਤਕਰੀਬਨ 31,25,000/- ਖਰਚਾ ਆਵੇਗਾ। ਇਹ ਵਰਨਣਯੋਗ ਹੈ ਕਿ ਪਿਛਲੇ ਸਾਲ ਨਗਰ ਨਿਗਮ ਵੱਲੋਂ ਮੈਡੀਕਲ ਰੀਇੰਬਰਸਮੈਂਟ ਤੇ ਤਕਰੀਬਨ 30.00 ਲੱਖ ਰੁਪਏ ਖਰਚਾ ਆਇਆ ਸੀ। ਇਸ ਸਾਲ ਇਹ ਖਰਚਾ 35.00 ਲੱਖ ਰੁਪਏ ਹੋਣ ਦੀ ਉਮੀਦ ਹੈ। ਇਸ ਤਰ੍ਹਾਂ ਇਹ ਸਕੀਮ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਨਗਰ ਨਿਗਮ ਦੇ ਹਿੱਤ ਵਿੱਚ ਜਾਪਦੀ ਹੈ। ਉਕਤ ਅਨੁਸਾਰ ਕੈਸ਼ਲੈਸ ਹੈਲਥ ਇੰਸ਼ੋਰੈਂਸ ਲਈ ਬਣਦੇ ਪ੍ਰੀਮਿਅਮ ਦੀ ਅਦਾਇਗੀ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 52:** **ਪ੍ਰਵਾਨ ਹੈ।**

**<u>ਏਜੰਡਾ ਨੰ: 11</u>**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਹਰਜਿੰਦਰ ਸਿੰਘ ਕਲੱਰਕ ਦੀ ਸੇਵਾ ਦੋਰਾਨ ਮਿਤੀ 10.08.2013 ਨੂੰ ਮੋਤ ਹੋ ਗਈ ਸੀ। ਉਸਦੀ ਪਤਨੀ ਸ਼੍ਰੀਮਤੀ ਮਨਦੀਪ ਕੋਰ ਜੋ ਕਿ ਉਸਦੀ ਇਕਲੋਤੀ ਵਾਰਸ/ਨਿਰਭਰ ਸੀ, ਵੱਲੋਂ ਤਰਸ ਦੇ ਆਧਾਰ ਤੇ ਨੋਕਰੀ ਲਈ ਦਰਖਾਸਤ ਦਿੱਤੀ ਗਈ ਸੀ। ਨਗਰ ਨਿਗਮ ਦਫਤਰ ਵਿਖੇ ਇਹ ਕੇਸ ਪ੍ਰਕੀਰਿਆ ਅਧੀਨ ਸੀ। ਇਸ ਦੋਰਾਨ ਹੀ ਉਸਦੀ ਸੱਸ ਅਤੇ ਮ੍ਰਿਤਕ ਸ਼੍ਰੀ ਹਰਜਿੰਦਰ ਸਿੰਘ ਦੀ ਮਾਤਾ ਵੱਲੋਂ ਪ੍ਰਤੀ ਬੇਨਤੀ ਦਫਤਰ ਵਿੱਚ ਦਿੱਤੀ ਗਈ, ਜਿਸ ਅਨੁਸਾਰ ਸ਼੍ਰੀਮਤੀ ਮਨਦੀਪ ਕੋਰ ਪਤਨੀ ਸ਼੍ਰੀ ਹਰਜਿੰਦਰ ਸਿੰਘ ਪਾਸ 12 ਏਕੜ ਜਮੀਨ ਹੈ ਅਤੇ ਇਸ ਤੋਂ 6.00 ਲੱਖ ਰੁਪਏ ਸਲਾਨਾ ਦੀ ਆਮਦਨ ਹੈ। ਇਹ ਤੱਥ ਅਜੇ ਵੈਰੀਫਾਈ ਹੋਣੇ ਸਨ। ਇਸ ਦੋਰਾਨ ਸ਼੍ਰੀਮਤੀ ਮਨਦੀਪ ਕੋਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੀ.ਡਬਲਿਊ.ਪੀ. 10877 ਆਫ 2016 ਦਾਇਰ ਕੀਤੀ ਗਈ। ਇਸ ਰਿਟ ਪਟੀਸ਼ਨ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ ਮਿਲਣ ਦੇ ਤਿੰਨ ਮਹੀਨੇ ਅੰਦਰ ਸਪੀਕਿੰਗ ਆਰਡਰ ਪਾਸ ਕਰਨ ਦਾ ਹੁਕਮ ਦਿੱਤਾ। ਡਾਇਰੈਕਟਰ, ਸਥਾਨਕ ਸਰਕਾਰ ਵੱਲੋਂ ਆਪਣੇ ਪੱਤਰ ਨੰਬਰ ਸ4-ਡਸਸ-ਮਸਸ-2016/40790 ਮਿਤੀ 02.08.2016 ਰਾਹੀਂ ਲਿਖਿਆ ਕਿ ਕਲੱਰਕ ਦੀ ਆਸਾਮੀ ਗੈਰ ਪ੍ਰਾਂਤੀਕਰਨ ਹੈ। ਇਸ ਸਬੰਧੀ ਸਮੱਰਥ ਅਥਾਰਟੀ ਨਗਰ ਨਿਗਮ ਬਠਿੰਡਾ ਹੈ। ਇਸ ਲਈ ਨਿਯਤ ਸਮੇਂ ਅੰਦਰ ਸਪੀਕਿੰਗ ਆਰਡਰ ਪਾਸ ਕੀਤੇ ਜਾਣ। ਨਗਰ ਨਿਗਮ ਵੱਲੋਂ ਆਪਣੇ ਪੱਤਰ ਮਿਤੀ 22.07.2016 ਰਾਹੀਂ ਪਟੀਸ਼ਨਰ ਨੂੰ ਨਿੱਜੀ ਸੁਣਵਾਈ ਦਾ ਮੋਕਾ ਦਿੱਤਾ। ਨਿੱਜੀ ਸੁਣਵਾਈ ਦੋਰਾਨ ਪਟੀਸ਼ਨਰ ਵੱਲੋਂ ਹਲਫੀਆ ਬਿਆਨ ਪੇਸ਼ ਕੀਤਾ ਗਿਆ, ਜਿਸ ਵਿੱਚ ਉਸਨੇ ਕਿਹਾ ਕਿ ਉਸਦੇ ਸਹੁਰੇ ਪੱਖੋਂ ਜੋ ਜਮੀਨ ਪ੍ਰਾਪਤ ਹੋਈ ਹੈ ਉਹ ਛੋਟੇ ਟੁਕੜਿਆਂ ਵਿੱਚ ਹੈ ਅਤੇ ਅਜੇ ਤੱਕ ਉਸਨੂੰ ਉਸਦਾ ਕਬਜ਼ਾ ਵੀ ਨਹੀਂ ਮਿਲਿਆ ਹੈ। ਉਸਨੇ ਇਹ ਵੀ ਲਿਖਿਆ ਹੈ ਕਿ ਉਹ ਆਪਣੀ ਵਿਵਾਹਿਤ ਵੱਡੀ ਭੈਣ ਨਾਲ ਰਹਿੰਦੀ ਹੈ। ਉਸ ਵੱਲੋਂ ਹਲਫੀਆ ਬਿਆਨ ਨਾਲ ਗਰਾਮ ਪੰਚਾਇਤ ਬਹਿਮਣ ਦੀਵਾਨਾ ਦਾ ਮੋਹਰ ਸਹਿਤ ਦਸਤਖਤ ਕੀਤਾ ਹੋਇਆ ਸਰਟੀਫਿਕੇਟ ਪੇਸ਼ ਕੀਤਾ, ਜਿਸ ਵਿੱਚ ਤਸਦੀਕ ਕੀਤਾ ਹੋਇਆ ਸੀ ਕਿ ਸ਼੍ਰੀਮਤੀ ਮਨਦੀਪ ਕੋਰ ਆਪਣੀ ਵੱਡੀ ਭੈਣ ਨਾਲ ਰਹਿੰਦੀ ਹੈ ਅਤੇ ਉਸਨੂੰ ਜੋ ਆਪਣੇ ਪਿੱਤਰੀ ਪੱਖੋਂ ਜੋ ਜਮੀਨ ਪ੍ਰਾਪਤ ਹੋਈ ਹੈ ਉਹ ਉਪਜਾਊ ਨਹੀਂ ਹੈ ਅਤੇ ਜਮੀਨ ਹੇਠਲਾ ਪਾਣੀ ਖੇਤੀ ਲਈ ਯੋਗ ਨਹੀਂ ਹੈ।

ਇਸ ਕੇਸ ਸਬੰਧੀ ਕਮਿਸ਼ਨਰ ਸਾਹਿਬ ਜੀ ਦੀ ਹਦਾਇਤ ਅਨੁਸਾਰ ਵੈਰੀਫਿਕੇਸ਼ਨ ਲਈ ਤਹਿਸੀਲਦਾਰ ਬਠਿੰਡਾ ਨੂੰ ਪੱਤਰ ਨੰਬਰ 3332/ਏ ਮਿਤੀ 09.09.2016 ਰਾਹੀਂ ਲਿਖ ਕੇ ਪੁੱਛਿਆ ਗਿਆ ਸੀ ਕਿ ਜਮਾਂਬੰਦੀ ਅਨੁਸਾਰ ਸ਼੍ਰੀਮਤੀ ਮਨਦੀਪ ਕੋਰ ਨੂੰ ਜੋ ਜਮੀਨ ਆਉਂਦੀ ਹੈ ਕਿ ਉਸਦਾ ਕਬਜ਼ਾ ਉਸਦੇ ਪਾਸ ਹੈ ਅਤੇ ਉਸਨੂੰ ਉਸ ਤੋਂ ਕੋਈ ਆਮਦਨ ਪ੍ਰਾਪਤ ਹੁੰਦੀ ਹੈ? ਇਸਦੇ ਜਵਾਬ ਵਿੱਚ ਤਹਿਸੀਲਦਾਰ ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 4594 ਮਿਤੀ 20.09.2016 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ ਮਨਦੀਪ ਕੋਰ ਪਾਸ ਜਮੀਨ ਦਾ ਕਬਜ਼ਾ ਮੋਕੇ ਤੇ ਨਹੀਂ ਹੈ। ਉਸਦੀ ਸੱਸ ਵੱਲੋਂ ਹੀ ਜਮੀਨ ਨੂੰ ਠੇਕੇ ਤੇ ਦੇਣ ਸਬੰਧੀ ਕਾਰਵਾਈ ਕੀਤੀ ਜਾਂਦੀ ਹੈ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਪੀਕਿੰਗ ਆਰਡਰ ਨੰਬਰ 161 ਮਿਤੀ 03.10.2016 ਰਾਹੀਂ (ਕਾਪੀ ਨਾਲ ਨੱਥੀ ਹੈ) ਪਾਸ ਕੀਤਾ ਕਿ ਸ਼੍ਰੀਮਤੀ ਮਨਦੀਪ ਕੋਰ ਨੂੰ ਇਸ ਸ਼ਰਤ ਤੇ ਕਲੱਰਕ ਨਿਯੁਕਤ ਕਰਨਾ ਪਾਸ ਕੀਤਾ ਜਾਂਦਾ ਹੈ ਕਿ ਹਾਊਸ ਵੱਲੋਂ ਮਤਾ ਪਾਸ ਕੀਤਾ ਜਾਵੇਗਾ। ਕੇਸ ਸਬ-ਕਮੇਟੀ ਪਾਸ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :** **ਦਫਤਰ ਦੀ ਰਿਪੋਰਟ ਮਿਤੀ 30.08.2016 ਅਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਪਾਸ ਸਪੀਕਿੰਗ ਆਰਡਰ ਮਿਤੀ 03.10.2016 ਅਨੁਸਾਰ ਕੇਸ ਮਾਨਯੋਗ ਹਾਊਸ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

ਉਕਤ ਅਨੁਸਾਰ ਸਬ-ਕਮੇਟੀ ਦਾ ਫੈਸਲਾ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 53:** **ਪ੍ਰਵਾਨ ਹੈ।**

**ਏਜੰਡਾ ਨੰਬਰ: 12**

ਦਫਤਰੀ ਰਿਪੋਰਟ ਕਿ ਆਡਿਟ ਪੈਰਾ ਨੰ: 5:5(ਘ) ਸਾਲ 2000-2001 ਅਤੇ ਪੈਰਾ ਨੰ: 5:5(ਘ) ਸਾਲ 2002-2003 ਬਾਬਤ ਗੁੰਮਸ਼ੁਦਾ ਰਾਹਦਾਰੀਆਂ ਦੇ ਬਕਾਏ ਨਾ ਚੁੱਕਣ ਬਾਰੇ ਦਰਸਾਏ ਆਡਿਟ ਪੈਰ੍ਹਿਆਂ ਰਾਹੀਂ ਆਡਿਟ ਵਿਭਾਗ ਵੱਲੋਂ ਇਤਰਾਜ਼ ਲਗਾਇਆ ਗਿਆ ਸੀ ਕਿ ਗੁੰਮ ਰਾਹਦਾਰੀਆਂ ਦੇ ਬਕਾਏ ਮੁਬਲਿਗ 44628 ਰੁਪਏ 55 ਪੈਸੇ ਸਾਲ 1990-1991 ਤੋਂ ਅੱਗੇ ਨਹੀਂ ਚੁੱਕੇ ਗਏ। ਇਸ ਪੈਰ੍ਹੇ ਦੇ ਸਬੰਧ ਵਿੱਚ ਨਿਗਮ ਵੱਲੋਂ ਲਿਖਿਆ ਗਿਆ ਸੀ ਕਿ ਸਰਕਾਰ ਵੱਲੋਂ ਸਾਲ 2006 ਵਿੱਚ ਚੂੰਗੀ ਖਤਮ ਕੀਤੀ ਜਾ ਚੁੱਕੀ ਹੈ।ਜਿਸ ਸਮੇਂ ਨਾਲ ਇਹ ਪੈਰ੍ਹੇ ਸਬੰਧਤ ਹਨ ਉਸ ਸਮੇਂ ਦੇ ਜਿਆਦਾਤਰ ਕਰਮਚਾਰੀ ਅਤੇ ਅਧਿਕਾਰੀ ਰਿਟਾਇਰ ਹੋ ਚੁੱਕੇ ਹਨ ਅਤੇ ਕੁੱਝ ਸਵਰਗਵਾਸ ਵੀ ਹੋ ਗਏ ਹਨ।

ਉਕਤ ਦੇ ਸਬੰਧ ਵਿੱਚ ਸਥਾਨਕ ਸੰਸਥਾਂਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਪੰਜਾਬ ਸਰਕਾਰ ਵੱਲੋਂ ਬਣਾਈ ਕਮੇਟੀ ਦੀ ਮਿਤੀ 06.09.2016 ਨੂੰ ਹੋਈ ਮੀਟਿੰਗ ਦੀ ਕਾਰਵਾਈ ਵਿੱਚ ਹੇਠ ਅਨੁਸਾਰ ਲਿਖਿਆ ਹੈ:-

"ਕਮੇਟੀ ਹਦਾਇਤ ਕਰਦੀ ਹੈ ਕਿ ਕਾਰਪੋਰੇਸ਼ਨ ਇਸ ਸਬੰਧੀ ਆਪਣੇ ਹਾਊਸ ਵਿੱਚ ਮਤਾ ਪਾ ਕੇ ਇਹ ਰਕਮ ਰਾਈਟ ਆਫ ਕਰਵਾ ਦੇਵੇ ਅਤੇ ਇਸਦੀ ਸੂਚਨਾਂ ਕਮੇਟੀ ਨੂੰ ਭੇਜੀ ਜਾਵੇ"।

ਸੋ ਇਸ ਪੈਰ੍ਹੇ ਨਾਲ ਸਬੰਧਤ ਬਕਾਇਆ ਰਕਮ ਮੁਬਲਿਗ 44628 ਰੁਪਏ 55 ਪੈਸੇ ਵੱਟੇ ਖਾਤੇ ਪਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 54:** **ਪ੍ਰਵਾਨ ਹੈ।**

**ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-**

## ਜਨਰਲ ਹਾਊਸ ਦੀ ਮੀਟਿੰਗ ਮਿਤੀ 10.11.2016 ਨੂੰ ਬਾਅਦ ਦੁਪਹਿਰ 3.15 ਵਜੇ ਵਿੱਚ ਵਿਚਾਰਿਆ ਜਾਣ ਵਾਲਾ ਸਪਲੀਮੈਂਟਰੀ ਏਜੰਡਾ

ਏਜੰਡਾ ਨੰ: 1

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟਸ ਆਫ ਵਾਰਡ ਨੰਬਰ 27 (ਗਲੀ ਪੰਡਿਤ ਸੰਤ ਰਾਮ ਵਾਲੀ) | 1.55 |
| 2 | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟਸ ਆਫ ਵਾਰਡ ਨੰਬਰ 31 | 11.26 |
| 3 | | ਕੰਸ: ਆਫ ਟਾਇਲਟ ਬਲਾਕ ਨੀਅਰ ਟਿਊਬਵੈਲ ਆਪੋਜ਼ਿਟ ਕਿਲਾ ਗੇਟ | 5.18 |
| 4 | | ਕੰਸ: ਆਫ ਨਿਊ ਰੂਮਜ਼ ਆਨ ਫਸਟ ਫਲੋਰ ਇਨ ਧਰਮਸ਼ਾਲਾ ਬੱਚਿਤਰ ਸਿੰਘ ਵਾਲੀ ਐਸ.ਏ.ਐਸ. ਨਗਰ ਵਾਰਡ ਨੰਬਰ 41 | 12.44 |
| 5 | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਅਗਰਸੈਨ ਪਲੈਸ ਆਨ ਅਮਰੀਕ ਸਿੰਘ ਰੋਡ | 8.45 |
| 6 | | ਲੇਇੰਗ ਪ੍ਰੀਮਿਕਸ ਕਾਰਪੇਟ ਇਨ ਗਲੀ ਨੰ: 2, ਅਮਰਪੁਰਾ ਬਸਤੀ | 5.00 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 55:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ:-**

1. **ਸ਼ਹਿਰ ਦੀਆਂ ਪ੍ਰਮੁੱਖ ਸੜ੍ਹਕਾਂ ਜੀ.ਟੀ. ਰੋਡ ਰੋਜ਼ਗਾਰਡਨ ਤੋਂ ਲੈ ਕੇ ਮਾਨਸਾ ਰੋਡ ਪੁਲ ਤੱਕ, ਆਈ.ਟੀ.ਆਈ. ਚੌਕ, ਬੀਬੀ ਵਾਲਾ ਰੋਡ, 100' ਰੋਡ, ਦਾਣਾ ਮੰਡੀ ਰੋਡ, ਡਬਵਾਲੀ ਰੋਡ, ਮਾਨਸਾ ਰੋਡ, ਸੰਜੇ ਨਗਰ ਰੋਡ, ਆਵਾ ਬਸਤੀ ਰੋਡ 80' ਅਤੇ ਇਹਨਾਂ ਮੁੱਖ ਸੜ੍ਹਕਾਂ ਦੇ ਨਾਲ ਸਲਿਪਰੀ ਰੋਡਜ਼ ਅਤੇ ਇਹਨਾਂ ਸੜ੍ਹਕਾਂ ਤੇ ਬਣੇ ਫੁੱਟਪਾਥਾਂ ਦੀ ਸਫਾਈ ਲਈ ਤਿਆਰ ਕੀਤੇ ਤਖਮੀਨੇ ਮੁਬਲਿਗ 2815326/- ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸਤੋਂ ਇਲਾਵਾ ਊਧਮ ਸਿੰਘ ਨਗਰ, ਬੰਗੀ ਨਗਰ, ਅਮਰਪੁਰਾ ਬਸਤੀ ਵਿਖੇ ਬਣੀਆਂ ਨਵੀਆਂ ਮੇਨ ਸੜ੍ਹਕਾਂ ਦੀ ਸਫਾਈ ਕਰਵਾਉਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
2. **ਕੰਸ: ਆਫ ਰਿੰਗ ਰੋਡ ਫਰਾਮ ਰਿੰਗ ਰੋਡ ਟੂ ਮਲੋਟ ਰੋਡ ਦੇ ਤਖਮੀਨੇ ਮੁਬਲਿਗ 33.13 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
3. **ਅਮਰਪੁਰਾ ਬਸਤੀ ਵਿਖੇ ਟੋਭੇ ਦੇ ਆਲੇ-ਦੁਆਲੇ ਪਈ ਗੰਦਗੀ ਅਤੇ ਸ਼ਹਿਰ ਵਿੱਚ ਕਈ ਹੋਰ ਥਾਂਵਾਂ ਤੇ ਗੰਦਗੀ ਨੂੰ ਮਿੱਟੀ ਨਾਲ ਢਕਣ ਲਈ ਸਾਫ ਮਿੱਟੀ ਪਾਉਣ ਖਾਤਰ 4.00 ਲੱਖ ਰੁਪਏ ਦੀ ਮੰਨਜ਼ੂਰੀ ਦਿੱਤੀ ਜਾਂਦੀ ਹੈ।**
4. **ਕੰਸ: ਆਫ ਸ਼ੈਡ ਇਨ ਪਾਰਕ ਨੰਬਰ 4, ਵਾਰਡ ਨੰਬਰ 12 ਲਈ 4.00 ਲੱਖ ਰੁਪਏ ਦੀ ਮੰਨਜ਼ੂਰੀ ਦਿੱਤੀ ਜਾਂਦੀ ਹੈ।**
5. **ਗੁਰੂ ਅਰਜੁਨ ਦੇਵ ਨਗਰ, ਗਲੀ ਨੰਬਰ 11/3 ਅਤੇ 11/8 ਦੇ ਨਾਲ ਲਗਦੇ ਪਾਰਕਾਂ ਵਿੱਚ ਲਾਈਟਾਂ ਲਗਾਉਣ ਲਈ 3.00 ਲੱਖ ਰੁਪਏ ਮੰਨਜ਼ੂਰੀ ਦਿੱਤੀ ਜਾਂਦੀ ਹੈ।**
6. **ਵਾਰਡ ਨੰਬਰ 49, ਜਨਤਾ ਨਗਰ ਬਠਿੰਡਾ ਵਿਖੇ ਰਾਮ ਬਾਗ ਦੇ ਨਜ਼ਦੀਕ ਵਾਲੀਆਂ ਚਾਰ ਨੀਵੀਆਂ ਗਲੀਆਂ ਵਿੱਚ ਛੋਟਾ ਡਿਸਪੋਜ਼ਲ ਬਣਾ ਕੇ ਇੰਜਣ ਲਗਾਉਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
7. **ਗਲੀ ਨੰਬਰ 6, ਹਰਬੰਸ ਨਗਰ ਵਿੱਚ ਸਟਾਰਮ ਸੀਵਰ ਦੇ ਚੈਂਬਰ ਤੇ ਇੰਜਣ ਰੱਖਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

ਏਜੰਡਾ ਨੰ: 2

ਦਫਤਰੀ ਰਿਪੋਰਟ ਕਿ ਨਗਰ ਨਿਗਮ, ਬਠਿੰਡਾ ਵਿਖੇ ਕਲਰਕ ਕੈਡਰ ਦੀਆਂ 76 ਆਸਾਮੀਆਂ ਪ੍ਰਵਾਨਤ ਹਨ। ਜਿੰਨਾਂ ਵਿਚੋਂ 45 ਆਸਾਮੀਆਂ ਖਾਲੀ ਹਨ। ਆਉਣ ਵਾਲੇ 4 ਮਹੀਨਿਆਂ ਵਿਚ 4 ਹੋਰ ਆਸਾਮੀਆਂ ਖਾਲੀ ਹੋ ਜਾਣਗੀਆਂ। ਇਸ ਤਰ੍ਹਾਂ ਨਗਰ ਨਿਗਮ ਦਾ ਰੋਜ਼ ਦਾ ਆਮ ਕੰਮਕਾਜ਼ ਚਲਾਉਣ ਵਿਚ ਵੀ ਦਿਕੱਤ ਆ ਰਹੀ ਹੈ। ਇਸ ਨਾਲ ਜਿੱਥੇ ਟੈਕਸਾਂ ਦੀ ਕੁਲੈਕਸ਼ਨ ਤੇ ਪ੍ਰਭਾਵ ਪਿਆ ਹੈ ਉੱਥੇ ਹੀ ਡਾਕ ਦੇ ਨਿਪਟਾਰੇ ਅਤੇ ਹੋਰ ਕੰਮ ਵੀ ਪ੍ਰਭਾਵਿਤ ਹੋ ਗਿਆ ਹੈ। ਵਰਨਣਯੋਗ ਹੈ ਕਿ ਕਲਰਕ ਦੀ ਆਸਾਮੀ ਲਈ ਪ੍ਰਮੋਸ਼ਨ ਕੋਟਾ ਸਿਰਫ 15% ਹੀ ਹੈ। ਸਰਕਾਰ ਵਲੋਂ ਨਵੀਂ ਭਰਤੀ ਦੀਆਂ ਕੋਈ ਹਦਾਇਤਾਂ ਪ੍ਰਾਪਤ ਨਹੀਂ ਹੋਇਆਂ ਹਨ। ਇਸ ਲਈ ਯੋਗ ਹੋਵੇਗਾ ਕਿ ਨਗਰ ਨਿਗਮ ਤੋਂ ਰਿਟਾਇਰ ਹੋਏ ਕਰਮਚਾਰੀਆਂ ਵਿਚੋਂ 10 ਕਰਮਚਾਰੀ ਠੇਕੇ ਦੇ ਆਧਾਰ ਤੇ ਨਿਯੁਕਤ ਕਰ ਲਏ ਜਾਣ। ਵਰਨਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ ਵਲੋਂ ਪਹਿਲਾਂ ਹੀ ਅਰਬਨ ਮਿਸ਼ਨ ਤਹਿਤ ਰਿਟਾਇਰ ਜੂਨੀਅਰ ਇੰਜੀਨੀਅਰ ਨੂੰ ਠੇਕੇ ਦੇ ਆਧਾਰ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ।ਇੰਨਾਂ ਨੂੰ last drawn salary- pension ਤੇ ਰੱਖਣ ਦੀ

ਪ੍ਰਵਾਨਗੀ ਹੋਈ ਹੈ। ਇਸ ਤਹਿਤ ਹੀ ਨਗਰ ਨਿਗਮ ਬਠਿੰਡਾ ਵਿਖੇ 10 ਰਿਟਾਇਰ ਕਲਰਕ ਹੇਠ ਅਨੁਸਾਰ ਸ਼ਰਤਾਂ ਤੇ ਰੱਖਣੇ ਯੋਗ ਹੋਣਗੇ:-

1. ਰਿਟਾਇਰ ਕਰਮਚਾਰੀ ਦੀ ਉਮਰ 65 ਸਾਲ ਤੋਂ ਵੱਧ ਨਾ ਹੋਵੇ।
2. ਨਗਰ ਨਿਗਮ ਬਠਿੰਡਾ ਤੋਂ ਰਿਟਾਇਰ ਕਰਮਚਾਰੀਆਂ ਨੂੰ ਪਹਿਲਾ ਦਿੱਤੀ ਜਾਵੇਗੀ।
3. ਰਿਟਾਇਰ ਕਰਮਚਾਰੀ ਸ਼ਰੀਰਕ ਅਤੇ ਮਾਨਸਿਕ ਰੂਪ ਵਿਚ ਫਿਟ ਹੋਣਾ ਚਾਹੀਦਾ ਹੈ।
4. ਰਿਟਾਇਰ ਕਰਮਚਾਰੀ ਵਲੋਂ ਕੋਈ ਚੌਕਸੀ ਵਿਭਾਗ ਦੀ ਪੜਤਾਲ/ਕੇਸ ਜਾਂ criminal ਕੇਸ ਪੈਡਿੰਗ ਨਹੀਂ ਹੋਣਾ ਚਾਹੀਦਾ।
5. ਕਰਮਚਾਰੀਆਂ ਨੂੰ last drawn salary- pension ਤੇ ਇਕ ਸਾਲ ਜਾਂ ਨਵੀਂ ਭਰਤੀ ਹੋਣ ਤੱਕ ਜਿਹੜਾ ਵੀ ਸਮਾਂ ਘੱਟ ਹੋਵੇ ਤੇ ਰੱਖਿਆ ਜਾ ਸਕਦਾ ਹੈ।

ਉਕਤ ਅਨੁਸਾਰ 10 ਕਲਰਕ ਅਤੇ 5 ਸੇਵਾਦਾਰ ਰੱਖਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 56: **ਪਾਸ ਕੀਤਾ ਗਿਆ ਕਿ ਕਿਉਂ ਜੋ ਗੈਰ ਪ੍ਰਾਂਤੀਕਰਨ ਕਰਮਚਾਰੀਆਂ ਦੀ ਭਰਤੀ ਲਈ ਨਗਰ ਨਿਗਮ ਸਮੱਰਥ ਅਥਾਰਟੀ ਹੈ। ਇਸ ਲਈ ਜੱਦ ਤੱਕ ਸਰਕਾਰ ਵੱਲੋਂ ਕੋਈ ਨਵੀਂ ਭਰਤੀ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਰਿਟਾਇਰੀ ਕਰਮਚਾਰੀਆਂ ਨੂੰ last drawn salary - pension ਦੇ ਆਧਾਰ ਤੇ ਰਖਣਾ ਪ੍ਰਵਾਨ ਹੈ। 10 ਕਲੱਰਕ ਅਤੇ 5 ਸੇਵਾਦਾਰ ਭਰਤੀ ਕਰਨ ਲਈ ਨਿਗਮ ਦੀ ਕਰਮਚਾਰੀਆਂ ਨਾਲ ਸਬੰਧਤ ਪਹਿਲਾਂ ਹੀ ਬਣਾਈ ਸਬ-ਕਮੇਟੀ ਨੂੰ ਅਧਿਕਾਰ ਦਿੱਤੇ ਜਾਂਦੇ ਹਨ।**

<u>ਏਜੰਡਾ ਨੰ: 3</u>

ਰਿਪੋਰਟ ਓ.ਐਂਡ ਐਮ.ਸ਼ਾਖਾ ਕਿ ਖੇਤਾ ਸਿੰਘ ਬਸਤੀ ਵਿਖੇ ਬਣਾਏ ਜਾਣ ਵਾਲੇ ਡਿਸਪੋਜਲ ਲਈ ਜਮੀਨ ਖਰੀਦ ਕਰਨ ਲਈ ਨਗਰ ਨਿਗਮ, ਬਠਿੰਡਾ ਵੱਲੋਂ 29 ਜੂਨ 2016 ਦੇ ਪੰਜਾਬੀ ਟ੍ਰਿਬਿਊਨ ਅਤੇ ਦੈਨਿਕ ਜਾਗਰਣ ਅਖਬਾਰ ਵਿੱਚ ਇਸਤਿਹਾਰ ਦਿੱਤਾ ਗਿਆ ਸੀ। ਇਸ ਇਸਤਿਹਾਰ ਦੇ ਮੱਦੇਨਜਰ ਹੇਠ ਦਰਸਾਏ 2 ਜ਼ਮੀਨ ਮਾਲਕਾਂ ਵੱਲੋਂ ਆਪਣੀ ਜ਼ਮੀਨ ਦੇਣ ਦੀ ਇੱਛਾ ਜਾਹਿਰ ਕੀਤੀ ਹੈ।

1. ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਜਲੋਰ ਸਿੰਘ
2. ਸ਼੍ਰੀ ਦਰਸ਼ਨ ਸਿੰਘ, ਚੇਤ ਸਿੰਘ ਅਤੇ ਹੋਰ

ਇਹਨਾਂ ਦੋਹਾਂ ਮਾਲਕਾਂ ਦੀ ਜ਼ਮੀਨ ਵਿੱਚ ਢੁਕਵੀ ਥਾਂ ਸਿਲੈਕਟ ਕਰਨ ਲਈ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਹੁਕਮ ਮਿਤੀ 20-07-16 ਅਨੁਸਾਰ ਹੇਠ ਲਿਖੇ ਅਧਿਕਾਰੀਆਂ ਦੀ ਸਬ ਕਮੇਟੀ ਬਣਾਈ ਸੀ।

1. ਕਾਰਜਕਾਰੀ ਇੰਜੀਨੀਅਰ, (PWSSB, BTI )
2. ਨਿਗਮ ਇੰਜੀਨੀਅਰ, (M.C., BTI )
3. ਸਬੰਧਿਤ ਉਪ ਮੰਡਲ ਇੰਜੀਨੀਅਰ (PWSSB,BTI )

ਇਸ ਸਬ ਕਮੇਟੀ ਵੱਲੋਂ ਦਰਸ਼ਨ ਸਿੰਘ, ਚੇਤ ਸਿੰਘ ਅਤੇ ਹੋਰਾਂ ਦੀ ਜਮੀਨ ਡਿਸਪੋਜਲ ਵਾਸਤੇ ਖਰੀਦ ਕਰਨ ਦੀ ਸਿਫਾਰਸ਼ ਕੀਤੀ ਗਈ। ਨਗਰ ਨਿਗਮ, ਬਠਿੰਡਾ ਦੇ ਜਰਨਲ ਹਾਊਸ ਵੱਲੋਂ ਮਤਾਂ ਨੰ: 31 ਮਿਤੀ 08-08-16 ਰਾਹੀਂ ਕਮੇਟੀ ਵੱਲੋਂ ਸਿਫਾਰਸ਼ ਕੀਤੀ ਜਮੀਨ ਨੂੰ ਖਰੀਦ ਕਰਨਾ ਪ੍ਰਵਾਨ ਕੀਤਾ ਹੈ। ਇਸ ਮਤੇ ਦੀ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰ:ਸ5-ਡਸਸ-ਮਸਸ-16/47409 ਮਿਤੀ 21-09-16 ਰਾਹੀਂ ਪ੍ਰਾਪਤ ਹੋ ਚੁੱਕੀ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਜਗ੍ਹਾਂ ਦੇ ਰੇਟ ਨਿਰਧਾਰਤ ਕਰਨ ਲਈ ਲਿਖਿਆ ਗਿਆ। ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਜਗ੍ਹਾਂ ਸਬੰਧੀ ਲਿਖਤੀ ਆਮ ਸਹਿਮਤੀ ਲੈਣ ਲਈ ਹੇਠ ਲਿਖੇ ਮੈਂਬਰ ਦੀ ਕਮੇਟੀ ਦਾ ਗਠਣ ਕੀਤਾ ਗਿਆ :-

1. ਕਮਿਸ਼ਨਰ, ਨਗਰ ਨਿਗਮ ਬਠਿੰਡਾ।
2. ਉਪ ਮੰਡਲ ਮੈਜਿਸਟਰੇਟ, ਬਠਿੰਡਾ।
3. ਡਿਪਟੀ ਡਾਇਰੇਕਟਰ, ਬਠਿੰਡਾ।
4. ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ।

ਇਸ ਕਮੇਟੀ ਦੀ ਪਹਿਲੀ ਮੀਟਿੰਗ 02-11-16 ਨੂੰ ਬੁਲਾਈ ਗਈ। ਮੀਟਿੰਗ ਵਿੱਚ ਕਮੇਟੀ ਮੈਂਬਰਾਂ ਤੋਂ ਇਲਾਵਾ ਹਲਕਾ ਪਟਵਾਰੀ, ਤਹਿਸੀਦਾਰ ਬਠਿੰਡਾ ਅਤੇ ਜਮੀਨ ਮਾਲਕਾਂ ਦੇ ਨੁਮਾਇੰਦੇ ਹਾਜਰ ਆਏ। ਨੈਗੋਸ਼ੀਏਸ਼ਨ ਉਪਰੰਤ ਜਮੀਨ ਮਾਲਿਕਾ ਨੇ ਆਪਣੀ ਜਮੀਨ 1700/- ਰੁਪੈ ਗਜ ਵੇਚਨ ਦੀ ਸਹਿਮਤੀ ਦਿੱਤੀ ਹੈ। ਇਸ ਮੀਟਿੰਗ ਵਿੱਚ ਹਲਕਾ ਪਟਵਾਰੀ ਅਤੇ ਤਹਿਸੀਲਦਾਰ ਬਠਿੰਡਾ ਨੂੰ ਇਸ ਜਮੀਨ ਦੇ ਕੁਲੈਕਟਰ ਰੇਟ ਅਤੇ ਰਜਿਸਟਰੀਆਂ ਦੀ ਛਾਂਟ ਦੇ ਰੇਟ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਕਿਹਾ ਗਿਆ। ਕਮੇਟੀ ਦੀ ਅਗਲੀ ਮੀਟਿੰਗ ਮਿਤੀ 07-02-16 ਨੂੰ ਕੀਤੀ ਗਈ। ਜਿਸ ਵਿੱਚ ਹਲਕਾ ਪਟਵਾਰੀ ਅਤੇ ਤਹਿਸੀਲਦਾਰ ਬਠਿੰਡਾ ਵੱਲੋਂ ਇਸ ਜਮੀਨ ਦੇ ਕੁਲੈਕਟਰ ਰੇਟ 272/-ਰੁਪੈ ਗਜ ਅਤੇ ਪਿਛਲੇ ਤਿੰਨ ਸਾਲਾਂ ਦੀਆਂ ਰਜਿਸਟਰੀਆਂ ਦੇ ਛਾਂਟ ਰੇਟ 968/- ਰੁਪੈ ਪ੍ਰਤੀ ਗਜ ਦੱਸੇ ਗਏ। ਹਲਕਾ ਪਟਵਾਰੀ ਅਤੇ ਤਹਿਸੀਲਦਾਰ ਬਠਿੰਡਾ ਵੱਲੋ ਇਸ ਏਰੀਏ ਵਿੱਚ ਮਾਰਕਿਟ ਰੇਟ 900/-ਰੁਪੈ ਪ੍ਰਤੀ ਗਜ ਦੱਸੇ ਗਏ ਹਨ। ਆਮ ਸਹਿਮਤੀ ਰਾਹੀਂ ਪ੍ਰਾਪਤ ਕੀਤੀ ਜਾਣ ਵਾਲੀ ਜਮੀਨ ਲਈ ਬਣਾਏ ਐਕਟ ਅਨੁਸਾਰ ਮਾਲਕਾਂ ਨੂੰ ਕੁਲੈਕਟਰ ਰੇਟ, ਰਜਿਸਟਰੀਆਂ ਦੀ ਛਾਂਟ ਦੇ ਰੇਟ ਅਤੇ ਮਾਰਕਿਟ ਰੇਟ ਵਿੱਚੋਂ ਜ਼ੋ ਵੀ ਵੱਧ ਰੇਟ ਹੈ ਉਸ ਤੋਂ ਦੁਗਣਾ ਰੇਟ ਦਿੱਤਾ ਜਾ ਸਕਦਾ

ਹੈ। ਇਸ ਤਰ੍ਹਾਂ ਇਸ ਕੇਸ ਵਿੱਚ ਰਜਿਸਟੀਆਂ ਦੀ ਛਾਂਟ ਦਾ ਦੂਗਣਾ ਰੇਟ 1936/- ਰੁਪੈ ਪ੍ਰਤੀ ਗਜ ਦਿੱਤਾ ਜਾ ਸਕਦਾ ਹੈ। ਮਾਲਕਾਂ ਵੱਲੋਂ 1700/- ਰੁਪੈ ਪ੍ਰਤੀ ਗਜ ਰੇਟ ਤੇ ਆਪਣੀ ਜਮੀਨ ਵੇਚਨ ਦੀ ਸਹਿਮਤੀ ਦਿੱਤੀ ਹੈ। ਇਹ ਰੇਟ ਪ੍ਰਵਾਨਗੀ ਲਈ ਡਿਪਟੀ ਕਮਿਸ਼ਨਰ, ਬਠਿੰਡਾ ਜੀ ਪਾਸ ਭੇਜੇ ਹੋਏ ਹਨ। ਇਸ ਲਈ ਜੇਕਰ ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸੋਂ ਇਸ ਜਮੀਨ ਦੇ ਰੇਟ 1700/- ਰੁਪੈ ਪ੍ਰਤੀ ਗਜ ਨਿਸ਼ਚਿਤ ਕੀਤੇ ਜਾਂਦੇ ਹਨ ਤਾਂ ਇਹ ਜਮੀਨ 1700/- ਰੁਪੈ ਪ੍ਰਤੀ ਗਜ ਦੇ ਹਿਸਾਬ ਨਾਲ ਖਰੀਦ ਕਰਨ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ 57:** **ਪ੍ਰਵਾਨ ਹੈ।**

**ਏਜੰਡਾ ਨੰ:4**

ਦਫਤਰੀ ਰਿਪੋਰਟ ਕਿ ਸੀਮਾ ਪੁੱਤਰੀ ਸ਼੍ਰੀ ਪ੍ਰਕਾਸ਼, ਜੋਤੀ ਬਾਲਾ ਪੁੱਤਰੀ ਸ਼੍ਰੀ ਜਗਦੀਸ਼, ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਦੁਰਗਾ ਦਾਸ, ਸੁਖਦੇਵ ਸਿੰਘ ਪੁੱਤਰ ਸ਼੍ਰੀ ਬਲਵੰਤ ਸਿੰਘ, ਨੀਰਜ ਕੁਮਾਰ ਪੁੱਤਰ ਸ਼੍ਰੀ ਗੋਗੀ ਰਾਮ ਅਤੇ ਹੋਰ ਬਹੁਤ ਸਾਰੇ ਦਰਜ਼ਾ-4 ਕਰਮਚਾਰੀਆਂ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਹਨਾਂ ਨੂੰ ਕਲਰਕ/ਸੈਨਟਰੀ ਸੁਪਰਵਾਈਜ਼ਰ ਦੀ ਖਾਲੀ ਪਈ ਆਸਾਮੀ ਤੇ ਪਦ ਉਨਤ ਕੀਤਾ ਜਾਵੇ। ਰਿਪੋਰਟ ਹੈ ਕਿ ਸੈਨਟਰੀ ਸੁਪਰਵਾਈਜ਼ਰ/ਵਰਕ ਸੁਪਰਵਾਈਜ਼ਰ ਦੀਆਂ ਕੋਈ ਆਸਾਮੀਆਂ ਪੱਦ ਉਨਤੀ ਕੋਟੇ ਦੀ ਖਾਲੀ ਨਹੀਂ ਹੈ। ਨਗਰ ਨਿਗਮ ਦੇ ਮਤਾ ਨੰਬਰ 6 ਮਿਤੀ 14.12.2015 ਰਾਹੀਂ ਅਜਿਹੇ ਦਰਜ਼ਾ-4 ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਪ੍ਰਵਾਨ ਕੀਤੀ ਗਈ ਸੀ ਜਿੰਨਾਂ ਦੀ ਘੱਟੋਂ ਘੱਟ ਵਿਦਿਅਕ ਯੋਗਤਾ ਮੈਟ੍ਰਿਕ ਹੈ। ਸਰਕਾਰ ਦੀਆਂ ਹਦਾਇਤਾਂ ਮਿਤੀ 25.08.2009 ਅਨੁਸਾਰ ਪ੍ਰਮੋਸ਼ਨ ਲਈ ਦਰਜ਼ਾ-4 ਕਰਮਚਾਰੀ ਮੈਟ੍ਰਿਕ, ਘੱਟੋਂ ਘੱਟ 5 ਸਾਲ ਦਾ ਤਜ਼ਰਬਾ ਅਤੇ ਟਾਈਪ ਟੈਸਟ ਪਾਸ ਹੋਣਾ ਚਾਹੀਦਾ ਹੈ। ਹਾਊਸ ਵੱਲੋਂ ਪਾਸ ਸੀਨੀਆਰਤਾ ਸੂਚੀ ਅਨੁਸਾਰ ਲੜੀ ਨੰਬਰ 1, ਲੜੀ ਨੰ: 4, ਲੜੀ ਨੰ: 5 ਅਤੇ ਲੜੀ ਨੰਬਰ 11 ਬਤੌਰ ਵਰਕ ਸੁਪਰਵਾਈਜ਼ਰ ਪਦ ਉਨਤ ਹੋ ਚੁੱਕੇ ਹਨ। ਇਸ ਦੇ ਨਾਲ ਹੀ ਲੜੀ ਨੰਬਰ 22 ਤੇ ਸ਼੍ਰੀ ਰਜਿੰਦਰ ਕੁਮਾਰ ਬੇਲਦਾਰ ਬਤੋਰ ਡਰਾਈਵਰ ਪਦ ਉਨਤ ਹੋ ਚੁੱਕਿਆ ਹੈ। ਲੜੀ ਨੰਬਰ 2,3 ਅਤੇ 12 ਵਲੋਂ ਪਹਿਲਾਂ ਹੀ ਲਿਖ ਕੇ ਦਿੱਤਾ ਜਾ ਚੁੱਕਿਆ ਹੈ ਕਿ ਉਹਨਾਂ ਨੇ ਪ੍ਰਮੋਸ਼ਨ ਨਹੀਂ ਲੈਣੀ ਹੈ। ਬਾਕੀ ਸੀਨੀਆਰਤਾ ਸੂਚੀ ਵਿਚ ਦਰਜ਼ ਬਾਕੀ ਕਰਮਚਾਰੀਆਂ ਦਾ ਟਾਈਪ ਟੈਸਟ ਲੈਣਾ ਬਣਦਾ ਹੈ। ਜੋ ਕਰਮਚਾਰੀ ਟਾਈਪ ਟੈਸਟ ਪਾਸ ਕਰ ਲੈਣਗੇ ਉਹਨਾਂ ਦਾ ਨਾਂ ਸੀਨੀਆਰਤਾ ਅਨੁਸਾਰ ਪ੍ਰਮੋਸ਼ਨ ਕੋਟੇ ਲਈ ਉਪਲਬਧ ਆਸਾਮੀਆਂ ਤੇ ਪ੍ਰਮੋਸ਼ਨ ਲਈ ਵਿਚਾਰਿਆ ਜਾ ਸਕਦਾ ਹੈ। ਹਾਲ ਦੀ ਘੜੀ ਕਲਰਕ ਆਸਾਮੀ ਵਿਚ ਅਜਿਹੀਆਂ 6 ਆਸਾਮੀਆਂ ਖਾਲੀ ਹਨ ਜਿੰਨ੍ਹਾਂ ਤੇ ਕੰਮ ਕਰ ਰਹੇ ਕਰਮਚਾਰੀ ਪ੍ਰਮੋਸ਼ਨ ਕੋਟੇ ਤਹਿਤ ਕਲਰਕ ਬਣੇ ਸਨ ਅਤੇ ਹੁਣ ਰਿਟਾਇਰ ਹੋ ਚੁੱਕੇ ਹਨ। ਇਸ ਲਈ ਉਕਤ ਅਨੁਸਾਰ:-

1. ਟਾਈਪ ਟੈਸਟ ਲੈਣ ਅਤੇ ਟਾਈਪ ਟੈਸਟ ਪਾਸ ਕਰਮਚਾਰੀਆਂ ਵਿਚੋਂ ਸੀਨੀਆਰਤਾ-ਕਮ ਮੈਰਿਟ ਦੇ ਆਧਾਰ ਤੇ ਪਦ ਉਨਤੀ ਕਰਨ ਲਈ ਪ੍ਰਵਾਨਗੀ ਲੈਣ ਲਈ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

**ਮਤਾ ਨੰਬਰ 58:** **ਪਾਸ ਕੀਤਾ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**